ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ

Philip Calderon et al v. Public Partnerships LLC
Case No. 25-cv-2320 (FB)(LKE)

ਕਲਾਸ ਐਕਸ਼ਨ ਨੋਟਿਸ

ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ ਦੁਆਰਾ ਪ੍ਰਮਾਣਿਤ

***PublicPartnershipsSettlement.com* 'ਤੇ ਹੋਰ ਭਾਸ਼ਾਵਾਂ ਵਿੱਚ ਉਪਲਬਧ ਹੈ**

ਕੀ ਤੁਸੀਂ ਇੱਕ ਨਿੱਜੀ ਸਹਾਇਕ ਹੋ ਜਿਸਨੂੰ 1 ਮਾਰਚ 2025 ਅਤੇ 30 ਅਪ੍ਰੈਲ 2026 ਦੇ ਵਿਚਕਾਰ ਨਿਊਯਾਰਕ ਸਿਟੀ, ਨਸਾਓ ਕਾਉਂਟੀ, ਸਫੋਲਕ ਕਾਉਂਟੀ, ਅਤੇ/ਜਾਂ ਵੈਸਟਚੈਸਟਰ ਕਾਉਂਟੀ ਵਿੱਚ ਕੰਜ਼ਿਊਮਰ ਡਾਇਰੈਕਟਿਡ ਪਰਸਨਲ ਅਸਿਸਟੈਂਟ ਪ੍ਰੋਗਰਾਮ ਦੇ ਹਿੱਸੇ ਵਜੋਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਲਈ ਰਾਜ ਵਿਆਪੀ ਵਿੱਤੀ ਵਿਚੋਲੇ ਵਜੋਂ Public Partnerships LLC ਰਾਹੀਂ ਭੁਗਤਾਨ ਕੀਤਾ ਗਿਆ ਸੀ?

ਤੁਸੀਂ ਪੈਸੇ ਦੇ ਹੱਕਦਾਰ ਹੋ ਸਕਦੇ ਹੋ।

ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ ਨੇ ਹੇਠ ਲਿਖੇ ਕਲਾਸ ਐਕਸ਼ਨ ਮੁਕੱਦਮੇ ਵਿੱਚ ਇੱਕ ਸਮਝੌਤੇ ਨੂੰ ਮੁੱਢਲੀ ਮਨਜ਼ੂਰੀ ਦੇ ਦਿੱਤੀ ਹੈ *Calderon et al v. Public Partnerships LLC.*

ਇਸ ਸਮਝੌਤੇ ਬਾਰੇ ਹੋਰ ਜਾਣਨ ਲਈ, ਇਹ ਨੋਟਿਸ ਪੜ੍ਹੋ ਜਾਂ ਸਮਝੌਤਾ ਵੈੱਬਸਾਈਟ 'ਤੇ ਜਾਓ।

ਧਿਆਨ ਦੇਣ ਯੋਗ ਮੁੱਖ ਗੱਲਾਂ:

- ਜੇਕਰ ਤੁਸੀਂ ਕੋਈ ਕਾਰਵਾਈ ਨਹੀਂ ਕਰਦੇ ਹੋ, ਤਾਂ ਤੁਸੀਂ ਆਪਣੇ ਆਪ ਕਲਾਸ ਦੇ ਮੈਂਬਰ ਬਣ ਜਾਵੋਗੇ ਅਤੇ ਸਮਝੌਤੇ ਤੋਂ ਪੈਸੇ ਪ੍ਰਾਪਤ ਕਰ ਸਕਦੇ ਹੋ। ਜਦੋਂ ਤੱਕ ਤੁਸੀਂ ਔਪਟ-ਆਊਟ ਨਹੀਂ ਕਰਦੇ, ਅਦਾਲਤ ਦਾ ਫੈਸਲਾ ਤੁਹਾਡੇ 'ਤੇ ਲਾਗੂ ਹੋਵੇਗਾ, ਅਤੇ ਤੁਸੀਂ ਉਹਨਾਂ ਹੀ ਮੁੱਦਿਆਂ ਬਾਰੇ Public Partnerships LLC 'ਤੇ ਮੁਕੱਦਮਾ ਨਹੀਂ ਕਰ ਸਕੋਗੇ।
- **ਹੋਰ ਦਾਅਵਿਆਂ ਦੇ ਨਾਲ, ਇਹ ਸਮਝੌਤਾ 23 ਜੂਨ 2026 ਤੱਕ ਫੇਅਰ ਲੇਬਰ ਸਟੈਂਡਰਡਜ਼ ਐਕਟ ਅਧੀਨ ਪੈਦਾ ਹੋਣ ਵਾਲੇ Public Partnerships LLC ਦੇ ਖਿਲਾਫ ਕਿਸੇ ਵੀ ਦਾਅਵੇ ਨੂੰ ਛੱਡਦਾ ਹੈ, ਜੋ ਕਿ ਫੈਡਰਲ ਤਨਖਾਹ ਅਤੇ ਘੰਟੇ ਦਾ ਕਾਨੂੰਨ ਹੈ।** ਜੇਕਰ ਤੁਸੀਂ ਸਮਝੌਤੇ ਤੋਂ ਔਪਟ-ਆਊਟ ਕਰਕੇ ਆਪਣੇ ਆਪ ਨੂੰ ਸਮਝੌਤੇ ਤੋਂ ਬਾਹਰ ਨਹੀਂ ਕੱਢਦੇ ਹੋ, ਅਤੇ ਅਦਾਲਤ ਸਮਝੌਤੇ ਨੂੰ ਮਨਜ਼ੂਰੀ ਦਿੰਦੀ ਹੈ, ਤਾਂ ਤੁਸੀਂ 23 ਜੂਨ 2026 ਤੱਕ ਫੇਅਰ ਲੇਬਰ ਸਟੈਂਡਰਡਜ਼ ਐਕਟ ਦੀਆਂ ਕਿਸੇ ਵੀ ਉਲੰਘਣਾਵਾਂ ਲਈ ਦਾਅਵਾ ਕਰਨ ਦਾ ਅਧਿਕਾਰ ਛੱਡ ਦੇਵੋਗੇ, ਜਿਸ ਵਿੱਚ ਫੇਅਰ ਲੇਬਰ ਸਟੈਂਡਰਡਜ਼ ਐਕਟ ਅਧੀਨ ਬਕਾਇਆ ਕੋਈ ਵੀ ਕਥਿਤ ਅਣ-ਅਦਾਇਗੀਸ਼ੁਦਾ ਤਨਖਾਹਾਂ ਅਤੇ ਕੋਈ ਵੀ ਉਪਲਬਧ ਨਿਰਧਾਰਤ ਹਰਜਾਨਾ ਸ਼ਾਮਲ ਹੈ।
- **ਤੁਸੀਂ ਇੱਥੇ ਜਾ ਕੇ ਵਧੇਰੇ ਜਾਣਕਾਰੀ ਲੈ ਸਕਦੇ ਹੋ: www.PublicPartnershipsSettlement.com**

ਵਿਸ਼ਾ-ਸੂਚੀ

ਇਸ ਨੋਟਿਸ ਬਾਰੇ 3

ਮੈਨੂੰ ਈਮੇਲ ਜਾਂ ਟੈਕਸਟ ਮੈਸੇਜ ਰਾਹੀਂ ਨੋਟਿਸ ਕਿਉਂ ਪ੍ਰਾਪਤ ਹੋਇਆ? 3

ਹੁਣ ਮੈਂ ਅੱਗੇ ਕੀ ਕਰਨਾ ਹੈ? 3

ਮੁਕੱਦਮੇ ਬਾਰੇ ਜਾਣਨਾ 5

ਇਹ ਮੁਕੱਦਮਾ ਕਿਸ ਬਾਰੇ ਹੈ? 5

Public Partnerships LLC ਦਾ ਕੀ ਪੱਖ ਹੈ? 5

ਇਸ ਮੁਕੱਦਮੇ ਵਿੱਚ ਸਮਝੌਤਾ ਕਿਉਂ ਹੋਇਆ ਹੈ? 6

ਕੀ ਅਦਾਲਤ ਨੇ ਇਹ ਤੈਅ ਕੀਤਾ ਹੈ ਕਿ ਮੁਦਈ ਜਾਂ Public Partnerships LLC ਜਿੱਤ ਗਏ ਹਨ? 6

ਇਸ ਮੁਕੱਦਮੇ ਵਿੱਚ ਅੱਗੇ ਕੀ ਹੋਵੇਗਾ? 6

ਸਮਝੌਤੇ ਬਾਰੇ ਜਾਣਨਾ 7

ਇਹ ਸਮਝੌਤਾ ਕੀ ਪ੍ਰਦਾਨ ਕਰਦਾ ਹੈ? 7

ਮੈਨੂੰ ਕਿਵੇਂ ਪਤਾ ਲੱਗੇਗਾ ਕੀ ਮੈਂ ਸਮਝੌਤੇ ਦਾ ਹਿੱਸਾ ਹਾਂ ਜਾਂ ਨਹੀਂ? 8

ਮੇਰਾ ਭੁਗਤਾਨ ਕਿੰਨਾ ਹੋਵੇਗਾ? 9

ਕੀ ਕੋਈ ਟੈਕਸ ਦੇਣਾ ਪਵੇਗਾ ਅਤੇ ਉਨ੍ਹਾਂ ਦਾ ਭੁਗਤਾਨ ਕੌਣ ਕਰੇਗਾ? 9

ਸਮਝੌਤਾ ਕਲਾਸ ਵਿੱਚ ਬਣੇ ਰਹਿਣ ਲਈ ਮੈਂ ਕੀ ਛੱਡ ਰਿਹਾ/ਰਹੀ ਹਾਂ? 9

ਕੀ ਕਰਨਾ ਹੈ, ਇਹ ਤੈਅ ਕਰਨਾ 11

ਮੈਂ ਆਪਣੇ ਵਿਕਲਪਾਂ ਨੂੰ ਕਿਵੇਂ ਵਿਚਾਰਾਂ? 11

ਭੁਗਤਾਨ ਪ੍ਰਾਪਤ ਕਰਨਾ 11

ਮੈਨੂੰ ਮੇਰਾ ਭੁਗਤਾਨ ਕਿਵੇਂ ਮਿਲੇਗਾ? 11

ਕੀ ਇਸ ਮੁਕੱਦਮੇ ਵਿੱਚ ਮੇਰਾ ਕੋਈ ਵਕੀਲ ਹੈ? 12

ਕੀ ਮੈਨੂੰ ਇਸ ਮੁਕੱਦਮੇ ਵਿੱਚ ਵਕੀਲਾਂ ਨੂੰ ਭੁਗਤਾਨ ਕਰਨਾ ਪਵੇਗਾ? 12

ਔਪਟ-ਆਊਟ ਕਰਨਾ 13

ਜੇਕਰ ਮੈਂ ਇਸ ਸਮਝੌਤੇ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ/ਚਾਹੁੰਦੀ, ਤਾਂ ਕੀ ਹੋਵੇਗਾ? 13

ਮੈਂ ਔਪਟ-ਆਊਟ ਕਿਵੇਂ ਕਰਾਂ? 13

ਇਤਰਾਜ਼ ਕਰਨਾ 13

ਜੇਕਰ ਮੈਂ ਸਮਝੌਤੇ ਨਾਲ ਅਸਹਿਮਤ ਹੁੰਦਾ/ਹੁੰਦੀ, ਹਾਂ ਤਾਂ ਕੀ ਹੋਵੇਗਾ? 13

ਕੁਝ ਨਾ ਕਰਨਾ 14

ਕੁਝ ਨਾ ਕਰਨ ਦੇ ਕੀ ਨਤੀਜੇ ਹੋਣਗੇ? 14

ਪ੍ਰਮੁੱਖ ਸਰੋਤ 14

ਮੈਂ ਹੋਰ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ? 14

ਇਸ ਨੋਟਿਸ ਬਾਰੇ

ਮੈਨੂੰ ਈਮੇਲ ਜਾਂ ਟੈਕਸਟ ਮੈਸੇਜ ਰਾਹੀਂ ਨੋਟਿਸ ਕਿਉਂ ਪ੍ਰਾਪਤ ਹੋਇਆ?

ਜੇਕਰ ਤੁਹਾਨੂੰ ਈਮੇਲ ਜਾਂ ਟੈਕਸਟ ਮੈਸੇਜ ਰਾਹੀਂ ਨੋਟਿਸ ਪ੍ਰਾਪਤ ਹੋਇਆ ਹੈ, ਤਾਂ ਸਾਡੇ ਰਿਕਾਰਡ ਤੁਹਾਨੂੰ ਪ੍ਰਭਾਵਿਤ ਲੋਕਾਂ ਦੇ ਸਮੂਹ ਦੇ ਇੱਕ ਮੈਂਬਰ ਵਜੋਂ ਪਛਾਣਦੇ ਹਨ, ਜਿਸਨੂੰ "ਕਲਾਸ" ਕਿਹਾ ਜਾਂਦਾ ਹੈ। ਇਹ ਨੋਟਿਸ ਤੁਹਾਨੂੰ ***Calderon et al v. Public Partnerships LLC.*** ਕਲਾਸ ਐਕਸ਼ਨ ਮੁਕੱਦਮੇ ਦੇ ਸਮਝੌਤੇ ਬਾਰੇ ਦੱਸਣ ਲਈ ਹੈ। ਪ੍ਰਸਤਾਵਿਤ ਸਮਝੌਤੇ ਵਿੱਚ ਉਹ ਸਾਰੇ ਮੌਜੂਦਾ ਅਤੇ ਸਾਬਕਾ ਨਿੱਜੀ ਸਹਾਇਕ ਸ਼ਾਮਲ ਹੋਣਗੇ ਜਿਨ੍ਹਾਂ ਨੇ 1 ਮਾਰਚ 2025 ਅਤੇ 30 ਅਪ੍ਰੈਲ 2026 ਦੇ ਵਿਚਕਾਰ ਕਿਸੇ ਵੀ ਸਮੇਂ ਨਿਊਯਾਰਕ ਸਿਟੀ, ਨਸਾਓ ਕਾਉਂਟੀ, ਸਫੋਲਕ ਕਾਉਂਟੀ, ਅਤੇ/ਜਾਂ ਵੈਸਟਚੈਸਟਰ ਕਾਉਂਟੀ (ਸਮੂਹਿਕ ਤੌਰ 'ਤੇ, "ਡਾਊਨਸਟੇਟ ਨਿੱਜੀ ਸਹਾਇਕ") ਵਿੱਚ ਕੰਜ਼ਿਊਮਰ ਡਾਇਰੈਕਟਿਡ ਪਰਸਨਲ ਅਸਿਸਟੈਂਟਸ ਪ੍ਰੋਗਰਾਮ ਦੇ ਹਿੱਸੇ ਵਜੋਂ ਸੇਵਾਵਾਂ ਪ੍ਰਦਾਨ ਕੀਤੀਆਂ ਸਨ, ਅਤੇ ਜਿਨ੍ਹਾਂ ਨੂੰ ਰਾਜ ਵਿਆਪੀ ਵਿੱਤੀ ਵਿਚੋਲੇ ਵਜੋਂ Public Partnerships LLC ਰਾਹੀਂ ਭੁਗਤਾਨ ਕੀਤਾ ਗਿਆ ਸੀ। ਸਮਝੌਤਾ ਇਕਰਾਰਨਾਮਾ ਦੱਸਦਾ ਹੈ ਕਿ ਕਲਾਸ ਦੇ ਮੈਂਬਰਾਂ ਦੇ ਕਿਹੜੇ ਅਧਿਕਾਰ ਹਨ, ਅਤੇ ਕਲਾਸ ਦੇ ਮੈਂਬਰਾਂ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਦਾ ਹੈ ਕਿ ਕੀ ਕਾਰਵਾਈ ਕਰਨੀ ਹੈ।

ਜੇਕਰ ਤੁਹਾਨੂੰ ਡਾਕ ਰਾਹੀਂ ਪੋਸਟਕਾਰਡ ਨੋਟਿਸ ਪ੍ਰਾਪਤ ਹੋਇਆ ਹੈ, ਤਾਂ ਇਹ ਇਸ ਲਈ ਹੈ ਕਿਉਂਕਿ ਅਸੀਂ ਈਮੇਲ ਜਾਂ ਟੈਕਸਟ ਮੈਸੇਜ ਰਾਹੀਂ ਤੁਹਾਡੇ ਤੱਕ ਨਹੀਂ ਪਹੁੰਚ ਸਕੇ। ਤੁਸੀਂ ਅਜੇ ਵੀ ਕਲਾਸ ਦਾ ਹਿੱਸਾ ਹੋ। ਤੁਹਾਨੂੰ ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰਨ ਲਈ ਸਮਝੌਤਾ ਵੈੱਬਸਾਈਟ 'ਤੇ ਲੌਗ ਇਨ ਕਰਨਾ ਚਾਹੀਦਾ ਹੈ ਜਾਂ ਸਮਝੌਤਾ ਪ੍ਰਬੰਧਕ ਨੂੰ ਈਮੇਲ ਜਾਂ ਕਾਲ ਕਰਨੀ ਚਾਹੀਦੀ ਹੈ (PublicPartnershipsSettlement@atticusadmin.com, 1-800-314-2601)।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਕਲਾਸ ਦੇ ਮੈਂਬਰ ਹੋ ਪਰ ਤੁਹਾਨੂੰ ਈਮੇਲ, ਟੈਕਸਟ, ਜਾਂ ਪੋਸਟਕਾਰਡ ਪ੍ਰਾਪਤ ਨਹੀਂ ਹੋਇਆ ਹੈ, ਤਾਂ ਸਮਝੌਤਾ ਪ੍ਰਬੰਧਕ ਨੂੰ 1-800-314-2601 'ਤੇ ਕਾਲ ਕਰੋ।

ਹੁਣ ਮੈਂ ਅੱਗੇ ਕੀ ਕਰਨਾ ਹੈ?

ਸਮਝੌਤੇ ਨੂੰ ਸਮਝਣ ਲਈ ਇਹ ਨੋਟਿਸ ਪੜ੍ਹੋ ਅਤੇ ਇਹ ਤੈਅ ਕਰੋ ਕੀ ਤੁਸੀਂ ਇੱਕ ਕਲਾਸ ਮੈਂਬਰ ਹੋ ਜਾਂ ਨਹੀਂ। ਫਿਰ, ਫੈਸਲਾ ਕਰੋ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ:

ਵਿਕਲਪ	ਹਰੇਕ ਵਿਕਲਪ ਬਾਰੇ ਹੋਰ ਜਾਣਕਾਰੀ
ਕੁਝ ਨਾ ਕਰਨਾ	ਜੇਕਰ ਤੁਸੀਂ ਕੁਝ ਨਹੀਂ ਕਰਦੇ, ਤਾਂ ਤੁਹਾਨੂੰ ਇੱਕ ਭੁਗਤਾਨ ਪ੍ਰਾਪਤ ਹੋਵੇਗਾ। ਤੁਹਾਨੂੰ ਮਿਲਣ ਵਾਲੀ ਰਕਮ ਕਈ ਕਾਰਕਾਂ 'ਤੇ ਨਿਰਭਰ ਕਰੇਗੀ, ਜਿਸ ਵਿੱਚ ਸ਼ਾਮਲ ਹਨ: (1) 1 ਮਾਰਚ 2025 ਅਤੇ 30 ਅਪ੍ਰੈਲ 2026 ਦੇ ਵਿਚਕਾਰ ਵਿੱਤੀ ਵਿਚੋਲੇ Public Partnerships LLC ਰਾਹੀਂ ਰਜਿਸਟਰਡ ਹੋਣ ਅਤੇ ਭੁਗਤਾਨ ਪ੍ਰਾਪਤ ਕਰਨ ਦੌਰਾਨ ਤੁਸੀਂ ਕੰਜ਼ਿਊਮਰ ਡਾਇਰੈਕਟਿਡ ਪਰਸਨਲ ਅਸਿਸਟੈਂਟ ਪ੍ਰੋਗਰਾਮ ਵਿੱਚ ਕਿੰਨੇ ਘੰਟੇ ਕੰਮ ਕੀਤਾ ਹੈ; (2) ਕੀ ਤੁਸੀਂ ਸਾਈਨ-ਆਨ ਬੋਨਸ ਦੇ ਯੋਗ ਸੀ ਪਰ ਤੁਹਾਨੂੰ ਭੁਗਤਾਨ ਨਹੀਂ ਕੀਤਾ ਗਿਆ; (3) ਘੱਟੋ-ਘੱਟ ਜ਼ਰੂਰੀ ਕਵਰੇਜ ਲਾਭਾਂ ਲਈ ਨਿਰਧਾਰਤ ਕੀਤੇ ਗਏ ਤੁਹਾਡੇ ਮੁਆਵਜ਼ੇ ਦੀ ਰਕਮ; ਅਤੇ (4) ਭੁਗਤਾਨਸ਼ੁਦਾ ਛੁੱਟੀ ਲਈ ਨਿਰਧਾਰਤ ਕੀਤੇ ਗਏ ਤੁਹਾਡੇ ਮੁਆਵਜ਼ੇ ਦੀ ਰਕਮ ਅਤੇ ਤੁਹਾਡੀ ਭੁਗਤਾਨਸ਼ੁਦਾ ਛੁੱਟੀ ਦੇ ਬਕਾਏ ਵਿੱਚ ਕਿੰਨੀ ਰਕਮ ਬਾਕੀ ਹੈ।

	ਤੁਸੀਂ ਸਮਝੌਤੇ ਦੁਆਰਾ ਹੱਲ ਕੀਤੇ ਗਏ ਅਧਿਕਾਰਾਂ ਨੂੰ ਵੀ ਛੱਡ ਦੇਵੋਗੇ। ਖਾਸ ਤੌਰ 'ਤੇ, ਤੁਸੀਂ ਇਸ ਕਾਰਵਾਈ ਵਿੱਚ ਕੀਤੇ ਗਏ ਦਾਅਵਿਆਂ ਲਈ Public Partnerships LLC 'ਤੇ ਮੁਕੱਦਮਾ ਕਰਨ ਦਾ ਅਧਿਕਾਰ, ਅਤੇ 23 ਜੂਨ 2026 ਤੱਕ ਹੋਰ ਸਾਰੇ ਸੰਬੰਧਿਤ ਤਨਖਾਹ-ਅਤੇ-ਘੰਟੇ ਦੇ ਦਾਅਵਿਆਂ ਨੂੰ ਛੱਡ ਦੇਵੋਗੇ। ਇਸ ਛੋਟ ਵਿੱਚ ਫੇਅਰ ਲੇਬਰ ਸਟੈਂਡਰਡਜ਼ ਐਕਟ, ਨਿਊਯਾਰਕ ਕਿਰਤ ਕਾਨੂੰਨ, ਨਿਊਯਾਰਕ ਸਟੇਟ ਪੇਡ ਸੇਫ ਐਂਡ ਸਿਕ ਲੀਵ ਐਕਟ, ਨਿਊਯਾਰਕ ਸਿਟੀ ਪੇਡ ਸੇਫ ਐਂਡ ਸਿਕ ਲੀਵ ਐਕਟ, ਹੋਮ ਕੇਅਰ ਵਰਕਰ ਵੇਜ ਪੈਰਿਟੀ ਐਕਟ, ਅਤੇ ਇਕਰਾਰਨਾਮੇ ਦੀ ਉਲੰਘਣਾ ਦੇ ਅਧੀਨ ਕੋਈ ਵੀ ਸੰਭਾਵੀ ਦਾਅਵੇ ਸ਼ਾਮਲ ਹਨ। ਹੇਠਾਂ ਦਿੱਤਾ "ਸਮਝੌਤਾ ਕਲਾਸ ਵਿੱਚ ਬਣੇ ਰਹਿਣ ਲਈ ਮੈਂ ਕੀ ਛੱਡ ਰਿਹਾ/ਰਹੀ ਹਾਂ" ਭਾਗ ਦੇਖੋ। ਤੁਹਾਨੂੰ ਬਦਲੇ ਹੋਏ ਅਭਿਆਸਾਂ ਤੋਂ ਵੀ ਲਾਭ ਹੋ ਸਕਦਾ ਹੈ। ਖਾਸ ਤੌਰ 'ਤੇ, 30 ਅਪ੍ਰੈਲ 2026 ਤੋਂ, Public Partnerships LLC ਨੂੰ ਹੁਣ ਕਰਮਚਾਰੀਆਂ ਨੂੰ ਘੱਟੋ-ਘੱਟ ਜ਼ਰੂਰੀ ਕਵਰੇਜ ਯੋਜਨਾ ਵਿੱਚ ਹਿੱਸਾ ਲੈਣ ਦੀ ਲੋੜ ਨਹੀਂ ਹੈ। ਉਨ੍ਹਾਂ ਤਬਦੀਲੀਆਂ ਬਾਰੇ ਹੋਰ ਵੇਰਵੇ ਜਿਨ੍ਹਾਂ ਨਾਲ ਤੁਹਾਨੂੰ ਲਾਭ ਹੋਵੇਗਾ, ਹੇਠਾਂ ਦਿੱਤੇ "ਸਮਝੌਤੇ ਬਾਰੇ ਜਾਣਨਾ" ਭਾਗ ਵਿੱਚ ਪ੍ਰਦਾਨ ਕੀਤੇ ਗਏ ਹਨ।
ਔਪਟ-ਆਊਟ	ਜੇਕਰ ਤੁਸੀਂ ਔਪਟ-ਆਊਟ ਕਰਦੇ ਹੋ, ਤਾਂ ਤੁਹਾਨੂੰ ਕੋਈ ਭੁਗਤਾਨ ਪ੍ਰਾਪਤ ਨਹੀਂ ਹੋਵੇਗਾ, ਪਰ ਤੁਸੀਂ Public Partnerships LLC ਦੇ ਖਿਲਾਫ ਤੁਹਾਡੇ ਕਿਸੇ ਵੀ ਦਾਅਵੇ ਨੂੰ ਪੇਸ਼ ਕਰਨ ਦਾ ਅਧਿਕਾਰ ਰੱਖੋਗੇ। ਹੇਠਾਂ ਦਿੱਤਾ "ਔਪਟ-ਆਊਟ ਕਰਨਾ" ਭਾਗ ਦੇਖੋ।
ਇਤਰਾਜ਼ ਕਰਨਾ	ਅਦਾਲਤ ਨੂੰ ਦੱਸੋ ਕਿ ਤੁਹਾਨੂੰ ਇਹ ਸਮਝੌਤਾ ਕਿਉਂ ਪਸੰਦ ਨਹੀਂ ਹੈ। ਜੇਕਰ ਤੁਸੀਂ ਔਪਟ-ਆਊਟ ਕਰਦੇ ਹੋ ਤਾਂ ਤੁਸੀਂ ਇਤਰਾਜ਼ ਨਹੀਂ ਕਰ ਸਕਦੇ। ਜੇਕਰ ਤੁਸੀਂ ਇਤਰਾਜ਼ ਕਰਦੇ ਹੋ ਅਤੇ ਸਮਝੌਤਾ ਫਿਰ ਵੀ ਮਨਜ਼ੂਰ ਹੋ ਜਾਂਦਾ ਹੈ, ਤਾਂ ਵੀ ਤੁਹਾਨੂੰ ਭੁਗਤਾਨ ਪ੍ਰਾਪਤ ਹੋਵੇਗਾ। ਹੇਠਾਂ ਦਿੱਤਾ "ਇਤਰਾਜ਼ ਕਰਨਾ" ਭਾਗ ਦੇਖੋ।

ਸਮਝੌਤੇ ਦੀਆਂ ਖਾਸ ਗੱਲਾਂ ਨੂੰ ਸਮਝਣ ਲਈ ਅੱਗੇ ਪੜ੍ਹੋ ਅਤੇ ਇਹ ਸਮਝੋ ਕਿ ਹਰੇਕ ਚੋਣ ਦਾ ਤੁਹਾਡੇ ਲਈ ਕੀ ਮਤਲਬ ਹੋਵੇਗਾ।

ਮੁਕੱਦਮੇ ਬਾਰੇ ਜਾਣਨਾ

ਇਹ ਮੁਕੱਦਮਾ ਕਿਸ ਬਾਰੇ ਹੈ?

ਚਾਰ ਵਿਅਕਤੀਗਤ ਮੁਦਈਆਂ, ਫਿਲਿਪ ਕਾਲਡੇਰੋਨ, ਐਲੀਸਨ ਫੀਲਡਸ, ਫਰਸ਼ਾਦ ਪਿੰਚਾਸੀ, ਅਤੇ ਡਾਨਾ ਫੋਲਗਰ ("ਮੁਦਈ" ਜਾਂ "ਕਲਾਸ ਪ੍ਰਤੀਨਿਧ") ਦਾ ਦਾਅਵਾ ਹੈ ਕਿ Public Partnerships LLC ਕਾਮਿਆਂ ਨੂੰ ਕਾਨੂੰਨੀ ਤੌਰ 'ਤੇ ਬਣਦੀਆਂ ਸਾਰੀਆਂ ਤਨਖਾਹਾਂ ਸਮੇਂ ਸਿਰ ਅਤੇ ਸਹੀ ਦਰ 'ਤੇ ਦੇਣ ਵਿੱਚ ਅਸਫਲ ਰਹੀ, ਜੋ ਕਿ ਫੇਅਰ ਲੇਬਰ ਸਟੈਂਡਰਡਜ਼ ਐਕਟ ਅਤੇ ਨਿਊਯਾਰਕ ਕਿਰਤ ਕਾਨੂੰਨ ਦੀ ਉਲੰਘਣਾ ਹੈ।

ਮੁਦਈਆਂ ਦਾ ਇਹ ਵੀ ਦਾਅਵਾ ਹੈ ਕਿ Public Partnerships LLC ਦੀਆਂ ਲਾਭ ਪੇਸ਼ਕਸ਼ਾਂ ਨਿਊਯਾਰਕ ਦੇ ਹੋਮ ਕੇਅਰ ਵਰਕਰ ਵੇਜ ਪੈਰਿਟੀ ਐਕਟ ਦੀ ਪਾਲਣਾ ਨਹੀਂ ਕਰਦੀਆਂ ਸਨ। ਮੁਦਈਆਂ ਨੇ ਇਹ ਕੇਸ ਕਲਾਸ ਦੇ ਨਾਲ-ਨਾਲ ਆਪਣੇ ਵੱਲੋਂ ਵੀ ਦਾਇਰ ਕੀਤਾ ਹੈ।

ਮੈਂ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?
ਤੁਸੀਂ ਇਸ ਮੁਕੱਦਮੇ ਵਿੱਚ ਪ੍ਰਸਤਾਵਿਤ ਸਮਝੌਤੇ ਅਤੇ ਹੋਰ ਪ੍ਰਮੁੱਖ ਦਸਤਾਵੇਜ਼ਾਂ ਦੀ ਇੱਕ ਪੂਰੀ ਕਾਪੀ ਇੱਥੇ ਪ੍ਰਾਪਤ ਕਰ ਸਕਦੇ ਹੋ: PublicPartnershipsSettlement.com/Settlement-Documents

ਪ੍ਰਸਤਾਵਿਤ ਸਮਝੌਤੇ ਵਿੱਚ ਉਹ ਸਾਰੇ ਮੌਜੂਦਾ ਅਤੇ ਸਾਬਕਾ ਨਿੱਜੀ ਸਹਾਇਕ ਸ਼ਾਮਲ ਹੋਣਗੇ ਜਿਨ੍ਹਾਂ ਨੂੰ 1 ਮਾਰਚ 2025 ਅਤੇ 30 ਅਪ੍ਰੈਲ 2026 ਦੇ ਵਿਚਕਾਰ ਕਿਸੇ ਵੀ ਸਮੇਂ ਨਿਊਯਾਰਕ ਸਿਟੀ, ਨਸਾਓ ਕਾਉਂਟੀ, ਸਫੋਲਕ ਕਾਉਂਟੀ, ਅਤੇ/ਜਾਂ ਵੈਸਟਚੈਸਟਰ ਕਾਉਂਟੀ (ਸਮੂਹਿਕ ਤੌਰ 'ਤੇ, "ਡਾਊਨਸਟੇਟ ਨਿੱਜੀ ਸਹਾਇਕ") ਵਿੱਚ ਕੰਜ਼ਿਊਮਰ ਡਾਇਰੈਕਟਿਡ ਪਰਸਨਲ ਅਸਿਸਟੈਂਟ ਪ੍ਰੋਗਰਾਮ ਦੇ ਹਿੱਸੇ ਵਜੋਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਲਈ ਰਾਜ ਵਿਆਪੀ ਵਿੱਤੀ ਵਿਚੋਲੇ ਵਜੋਂ Public Partnerships LLC ਰਾਹੀਂ ਭੁਗਤਾਨ ਕੀਤਾ ਗਿਆ ਸੀ।

Public Partnerships LLC ਦਾ ਕੀ ਪੱਖ ਹੈ?

Public Partnerships LLC ਮੁਕੱਦਮੇ ਵਿੱਚ ਲੱਗੇ ਦੋਸ਼ਾਂ ਦਾ ਖੰਡਨ ਕਰਦੀ ਹੈ ਅਤੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕਰਦੀ ਹੈ। Public Partnerships LLC ਨੇ ਚੱਲ ਰਹੀ ਮੁਕੱਦਮੇਬਾਜ਼ੀ ਦੇ ਸਮੇਂ ਅਤੇ ਖਰਚੇ ਤੋਂ ਬਚਣ ਲਈ, ਅਤੇ ਦੇਸ਼ ਭਰ ਵਿੱਚ ਆਪਣੇ ਦੁਆਰਾ ਸਹਾਇਤਾ ਪ੍ਰਾਪਤ ਖਪਤਕਾਰਾਂ ਅਤੇ ਦੇਖਭਾਲ ਕਰਨ ਵਾਲਿਆਂ 'ਤੇ ਪੂਰਾ ਧਿਆਨ ਕੇਂਦਰਿਤ ਰੱਖਣ ਲਈ ਇਹ ਸਮਝੌਤਾ ਕੀਤਾ ਹੈ।

ਇਸ ਮੁਕੱਦਮੇ ਵਿੱਚ ਸਮਝੌਤਾ ਕਿਉਂ ਹੋਇਆ ਹੈ?

1 ਮਈ 2026 ਨੂੰ, ਮੁਦਈਆਂ ਅਤੇ Public Partnerships LLC ਨੇ ਸਮਝੌਤਾ ਕਰਨ ਲਈ ਸਹਿਮਤੀ ਦਿੱਤੀ, ਜਿਸਦਾ ਮਤਲਬ ਹੈ ਕਿ ਉਹ ਮੁਕੱਦਮੇ ਨੂੰ ਹੱਲ ਕਰਨ ਲਈ ਇੱਕ ਸਮਝੌਤੇ 'ਤੇ ਪਹੁੰਚ ਗਏ ਹਨ। ਦੋਵੇਂ ਧਿਰਾਂ ਅਗਲੀ ਮੁਕੱਦਮੇਬਾਜ਼ੀ ਦੇ ਜੋਖਮ ਅਤੇ ਖਰਚੇ ਤੋਂ ਬਚਣਾ ਚਾਹੁੰਦੀਆਂ ਹਨ।

ਇਹ ਸਮਝੌਤਾ ਕੇਸ ਦਾਇਰ ਕਰਨ ਵਾਲੇ ਕਾਮਿਆਂ ਅਤੇ ਸਮਝੌਤਾ ਕਲਾਸ ਦੇ ਸਾਰੇ ਮੈਂਬਰਾਂ ਵੱਲੋਂ ਹੈ। ਅਦਾਲਤ ਨੇ ਇਸ ਕੇਸ ਦਾ ਫੈਸਲਾ ਕਿਸੇ ਵੀ ਧਿਰ ਦੇ ਹੱਕ ਵਿੱਚ ਨਹੀਂ ਕੀਤਾ ਹੈ, ਨਾ ਹੀ ਇਹ ਤੈਅ ਕੀਤਾ ਹੈ ਕਿ ਕੋਈ ਵੀ ਵਿਅਕਤੀ ਇਸ ਮੁਕੱਦਮੇ ਵਿੱਚ ਕੋਈ ਨਿਸ਼ਚਿਤ ਰਕਮ ਵਸੂਲ ਕਰ ਸਕਦਾ ਹੈ।

ਕਲਾਸ ਐਕਸ਼ਨ ਸਮਝੌਤਾ ਕੀ ਹੁੰਦਾ ਹੈ?

ਕਲਾਸ ਐਕਸ਼ਨ ਸਮਝੌਤਾ ਕੇਸ ਨੂੰ ਹੱਲ ਕਰਨ ਅਤੇ ਖਤਮ ਕਰਨ ਲਈ ਧਿਰਾਂ ਵਿਚਕਾਰ ਇੱਕ ਇਕਰਾਰਨਾਮਾ ਹੁੰਦਾ ਹੈ। ਸਮਝੌਤੇ, ਕਲਾਸ ਦੇ ਮੈਂਬਰਾਂ ਨੂੰ ਪੈਸੇ ਅਤੇ ਉਨ੍ਹਾਂ ਅਭਿਆਸਾਂ ਵਿੱਚ ਤਬਦੀਲੀਆਂ ਪ੍ਰਦਾਨ ਕਰ ਸਕਦੇ ਹਨ ਜਿਨ੍ਹਾਂ ਬਾਰੇ ਮੁਦਈਆਂ ਦਾ ਦੋਸ਼ ਹੈ ਕਿ ਉਨ੍ਹਾਂ ਨੇ ਕਲਾਸ ਮੈਂਬਰਾਂ ਨੂੰ ਨੁਕਸਾਨ ਪਹੁੰਚਾਇਆ ਹੈ।

ਜੇਕਰ ਮਨਜ਼ੂਰ ਹੋ ਜਾਂਦਾ ਹੈ, ਤਾਂ ਸਮਝੌਤਾ ਮੁਕੱਦਮੇ ਨੂੰ ਅੱਗੇ ਚੱਲਣ ਤੋਂ ਰੋਕ ਦੇਵੇਗਾ। ਜੇਕਰ ਕੇਸ ਲੜਿਆ ਜਾਂਦਾ ਰਿਹਾ, ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ Public Partnerships LLC ਜਿੱਤ ਜਾਵੇਗੀ ਅਤੇ ਕਾਮਿਆਂ ਨੂੰ ਕੁਝ ਨਹੀਂ ਮਿਲੇਗਾ। ਇਸ ਗੱਲ ਦੀ ਵੀ ਸੰਭਾਵਨਾ ਹੈ ਕਿ Public Partnerships LLC ਨੂੰ ਸਮਝੌਤੇ ਦੇ ਤਹਿਤ ਭੁਗਤਾਨ ਕਰਨ ਲਈ ਸਹਿਮਤ ਹੋਈ ਰਕਮ ਤੋਂ ਵੱਧ ਭੁਗਤਾਨ ਕਰਨ ਦੀ ਲੋੜ ਹੋਵੇਗੀ।

ਕਲਾਸ ਵਕੀਲ, Katz Banks Kumin LLP ਅਤੇ The Legal Aid Society ਦੇ ਵਕੀਲ ਜੋ ਮੁਦਈਆਂ ਦੀ ਨੁਮਾਇੰਦਗੀ ਕਰ ਰਹੇ ਹਨ, ਨੇ ਦਾਅਵਿਆਂ ਅਤੇ ਬਚਾਅ ਪੱਖਾਂ ਦੇ ਸੰਬੰਧ ਵਿੱਚ ਤੱਥਾਂ ਅਤੇ ਲਾਗੂ ਕਾਨੂੰਨ ਦੀ ਜਾਂਚ ਕੀਤੀ। ਧਿਰਾਂ ਨੇ ਇੱਕ ਨਿਰਪੱਖ ਤੀਜੀ-ਧਿਰ ਦੇ ਵਿਚੋਲੇ ਦੀ ਮਦਦ ਨਾਲ ਇਸ ਸਮਝੌਤੇ 'ਤੇ ਪਹੁੰਚਣ ਲਈ ਲੰਮੀ ਅਤੇ ਨਿਰਪੱਖ ਗੱਲਬਾਤ ਕੀਤੀ। ਕਲਾਸ ਪ੍ਰਤੀਨਿਧਾਂ ਅਤੇ ਕਲਾਸ ਵਕੀਲ ਦਾ ਮੰਨਣਾ ਹੈ ਕਿ ਪ੍ਰਸਤਾਵਿਤ ਸਮਝੌਤਾ ਨਿਰਪੱਖ, ਵਾਜਬ, ਅਤੇ ਢੁਕਵਾਂ ਹੈ ਅਤੇ ਕਲਾਸ ਦੇ ਸਭ ਤੋਂ ਵਧੀਆ ਹਿੱਤ ਵਿੱਚ ਹੈ।

ਕੀ ਅਦਾਲਤ ਨੇ ਇਹ ਤੈਅ ਕੀਤਾ ਹੈ ਕਿ ਮੁਦਈ ਜਾਂ Public Partnerships LLC ਜਿੱਤ ਗਏ ਹਨ?

ਨਹੀਂ। ਇਹ ਇੱਕ ਸਮਝੌਤਾ ਹੈ। ਇਸਦਾ ਮਤਲਬ ਹੈ ਕਿ ਧਿਰਾਂ ਨੇ ਅਦਾਲਤ ਵੱਲੋਂ ਕਿਸੇ ਵੀ ਧਿਰ ਨੂੰ "ਜੇਤੂ" ਘੋਸ਼ਿਤ ਕਰਨ ਵਾਲਾ ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਹੀ ਮਾਮਲੇ ਨੂੰ ਹੱਲ ਕਰ ਲਿਆ ਸੀ।

ਇਸ ਮੁਕੱਦਮੇ ਵਿੱਚ ਅੱਗੇ ਕੀ ਹੋਵੇਗਾ?

ਅਦਾਲਤ ਸਮਝੌਤੇ ਨੂੰ ਮਨਜ਼ੂਰੀ ਦੇਣ ਬਾਰੇ ਫੈਸਲਾ ਕਰਨ ਲਈ ਇੱਕ ਨਿਰਪੱਖਤਾ ਸੁਣਵਾਈ ਆਯੋਜਿਤ ਕਰੇਗੀ। ਅੰਤਿਮ ਨਿਰਪੱਖਤਾ ਸੁਣਵਾਈ ਇੱਥੇ ਆਯੋਜਿਤ ਕੀਤੀ ਜਾਵੇਗੀ:

ਕਿੱਥੇ: ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ
ਕੋਰਟਰੂਮ 13B, 225 Cadman Plaza East, Brooklyn, NY 11201

ਕਦੋਂ: 10 ਨਵੰਬਰ 2026 ਨੂੰ ਸਵੇਰੇ 11:00 ਵਜੇ।

ਅਦਾਲਤ ਨੇ ਧਿਰਾਂ ਨੂੰ ਪ੍ਰਸਤਾਵਿਤ ਸਮਝੌਤੇ ਬਾਰੇ ਤੁਹਾਨੂੰ ਨੋਟਿਸ ਭੇਜਣ ਦੇ ਨਿਰਦੇਸ਼ ਦਿੱਤੇ ਹਨ। ਕਿਉਂਕਿ ਇੱਕ ਕਲਾਸ ਐਕਸ਼ਨ ਦਾ ਸਮਝੌਤਾ ਪ੍ਰਸਤਾਵਿਤ ਕਲਾਸ ਦੇ ਸਾਰੇ ਮੈਂਬਰਾਂ ਦੇ ਅਧਿਕਾਰਾਂ ਦਾ ਫੈਸਲਾ ਕਰਦਾ ਹੈ, ਇਸ ਲਈ ਸਮਝੌਤੇ ਦੇ ਲਾਗੂ ਹੋਣ ਤੋਂ ਪਹਿਲਾਂ ਅਦਾਲਤ ਨੂੰ ਇਸਨੂੰ ਅੰਤਿਮ ਮਨਜ਼ੂਰੀ ਦੇਣੀ ਚਾਹੀਦੀ ਹੈ। ਭੁਗਤਾਨ ਕੇਵਲ ਤਾਂ ਹੀ ਕੀਤੇ ਜਾਣਗੇ ਜੇਕਰ ਅਦਾਲਤ ਸਮਝੌਤੇ ਨੂੰ ਮਨਜ਼ੂਰੀ ਦਿੰਦੀ ਹੈ।

ਤੁਹਾਨੂੰ ਹਾਜ਼ਰ ਹੋਣ ਦੀ ਲੋੜ ਨਹੀਂ ਹੈ, ਪਰ ਤੁਸੀਂ ਆਪਣੇ ਖਰਚੇ 'ਤੇ ਹਾਜ਼ਰ ਹੋ ਸਕਦੇ ਹੋ। ਜੇਕਰ ਤੁਸੀਂ ਚਾਹੋ, ਤਾਂ ਤੁਹਾਨੂੰ ਕਿਸੇ ਵਕੀਲ ਰਾਹੀਂ ਕੇਸ ਵਿੱਚ ਪੇਸ਼ ਹੋਣ ਦਾ ਅਧਿਕਾਰ ਹੈ। ਤੁਸੀਂ ਸਮਝੌਤੇ ਬਾਰੇ ਬੋਲਣ ਅਤੇ ਆਪਣੀ ਰਾਏ ਜ਼ਾਹਰ ਕਰਨ ਲਈ ਅਦਾਲਤ ਤੋਂ ਇਜਾਜ਼ਤ ਵੀ ਮੰਗ ਸਕਦੇ ਹੋ। ਜੇਕਰ ਅਦਾਲਤ ਸਮਝੌਤੇ ਨੂੰ ਮਨਜ਼ੂਰੀ ਨਹੀਂ ਦਿੰਦੀ ਜਾਂ ਧਿਰਾਂ ਇਸਨੂੰ ਖਤਮ ਕਰਨ ਦਾ ਫੈਸਲਾ ਕਰਦੀਆਂ ਹਨ, ਤਾਂ ਇਹ ਰੱਦ ਹੋ ਜਾਵੇਗਾ ਅਤੇ ਮੁਕੱਦਮਾ ਜਾਰੀ ਰਹੇਗਾ। ਸੁਣਵਾਈ ਦੀ ਮਿਤੀ ਕਲਾਸ ਦੇ ਮੈਂਬਰਾਂ ਨੂੰ ਬਿਨਾਂ ਕਿਸੇ ਹੋਰ ਨੋਟਿਸ ਦੇ ਬਦਲੀ ਜਾ ਸਕਦੀ ਹੈ। ਹੋਰ ਜਾਣਨ ਅਤੇ ਸੁਣਵਾਈ ਦੀ ਮਿਤੀ ਦੀ ਪੁਸ਼ਟੀ ਕਰਨ ਲਈ, **www.PublicPartnershipsSettlement.com** 'ਤੇ ਜਾਓ।

ਸਮਝੌਤੇ ਬਾਰੇ ਜਾਣਨਾ

ਇਹ ਸਮਝੌਤਾ ਕੀ ਪ੍ਰਦਾਨ ਕਰਦਾ ਹੈ?

ਇਹ ਸਮਝੌਤਾ ਹੇਠ ਲਿਖੀਆਂ ਚੀਜ਼ਾਂ ਪ੍ਰਦਾਨ ਕਰਦਾ ਹੈ, ਜੋ ਕਿ ਲਗਭਗ 200,000 ਡਾਊਨਸਟੇਟ ਨਿੱਜੀ ਸਹਾਇਕਾਂ ਨੂੰ ਵੰਡੀਆਂ ਜਾਣਗੀਆਂ:

- $40.5 ਮਿਲੀਅਨ ਆਮ ਹਰਜਾਨੇ ਵਜੋਂ;
- ਪਹਿਲਾਂ ਘੱਟੋ-ਘੱਟ ਜ਼ਰੂਰੀ ਕਵਰੇਜ ਯੋਜਨਾ (MEC) ਲਈ ਨਿਰਧਾਰਤ ਕੀਤੇ ਗਏ ਵੇਜ ਪੈਰਿਟੀ ਮੁਆਵਜ਼ੇ ਵਿੱਚ $25 ਮਿਲੀਅਨ;
- ਇਕੱਠੀ ਹੋਈ ਭੁਗਤਾਨਸ਼ੁਦਾ ਛੁੱਟੀ ਦੇ $92 ਮਿਲੀਅਨ (ਇਸ ਵੰਡ ਨੂੰ ਦਰਸਾਉਣ ਲਈ ਕਲਾਸ ਦੇ ਮੈਂਬਰਾਂ ਦੇ ਭੁਗਤਾਨਸ਼ੁਦਾ ਛੁੱਟੀ ਦੇ ਬਕਾਏ ਨੂੰ ਐਡਜਸਟ ਕੀਤਾ ਜਾਵੇਗਾ);
- $4.5 ਮਿਲੀਅਨ ਦਾ ਇੱਕ ਰਾਖਵਾਂ ਫੰਡ; ਅਤੇ
- 30 ਅਪ੍ਰੈਲ 2027 ਤੋਂ ਬਾਅਦ ਘੱਟੋ-ਘੱਟ ਜ਼ਰੂਰੀ ਕਵਰੇਜ ਯੋਜਨਾ (MEC) ਲਈ ਨਿਰਧਾਰਤ ਕੋਈ ਵੀ ਅਣ-ਵਰਤਿਆ ਫੰਡ।

ਅਦਾਲਤ ਦੁਆਰਾ ਮਨਜ਼ੂਰਸ਼ੁਦਾ ਮੁਕੱਦਮੇਬਾਜ਼ੀ ਦੀਆਂ ਲਾਗਤਾਂ, ਕਲਾਸ ਵਕੀਲ ਦੀਆਂ ਫੀਸਾਂ, ਸਮਝੌਤਾ ਪ੍ਰਬੰਧਨ ਦੇ ਖਰਚਿਆਂ, ਅਤੇ ਇਹ ਕੇਸ ਦਾਇਰ ਕਰਨ ਵਾਲੇ ਹਰੇਕ ਮੁਦਈ ਨੂੰ ਸੇਵਾ ਪੁਰਸਕਾਰਾਂ ਦਾ ਭੁਗਤਾਨ ਕੀਤੇ ਜਾਣ ਤੋਂ ਬਾਅਦ ਕਲਾਸ ਨੂੰ ਭੁਗਤਾਨ ਕੀਤਾ ਜਾਵੇਗਾ।

Public Partnerships LLC ਦੁਆਰਾ ਕਰਨ ਲਈ ਸਹਿਮਤ ਹੋਏ ਸਾਰੇ ਭੁਗਤਾਨਾਂ ਦਾ ਇੱਕ ਚਿੱਤਰ ਹੇਠਾਂ ਦਿੱਤਾ ਗਿਆ ਹੈ:

ਇਸ ਤੋਂ ਇਲਾਵਾ, ਸਮਝੌਤੇ ਦੇ ਹਿੱਸੇ ਵਜੋਂ, Public Partnerships LLC ਨੇ 30 ਅਪ੍ਰੈਲ 2026 ਤੱਕ ਲਾਜ਼ਮੀ ਘੱਟੋ-ਘੱਟ ਜ਼ਰੂਰੀ ਕਵਰੇਜ ਯੋਜਨਾ (MEC) ਨੂੰ ਖਤਮ ਕਰ ਦਿੱਤਾ ਹੈ, ਅਤੇ ਮੁਦਈਆਂ ਨੂੰ ਘੱਟੋ-ਘੱਟ ਜ਼ਰੂਰੀ ਕਵਰੇਜ ਯੋਜਨਾ (MEC) ਅਤੇ ਭੁਗਤਾਨਸ਼ੁਦਾ ਛੁੱਟੀ ਪ੍ਰੋਗਰਾਮ 'ਤੇ ਫੋਰੈਂਸਿਕ ਮਾਹਰ ਨਾਲ ਲੇਖਾ ਜੋਖਾ ਕਰਨ ਦੀ ਇਜਾਜ਼ਤ ਦੇਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੀ ਉਪਲਬਧ ਰਾਹਤ ਦਾ ਭੁਗਤਾਨ ਕਲਾਸ ਨੂੰ ਕੀਤਾ ਗਿਆ ਹੈ।

ਇਹ ਸਮਝੌਤੇ ਰਾਹੀਂ ਉਪਲਬਧ ਲਾਭਾਂ ਦਾ ਸਿਰਫ਼ ਇੱਕ ਸਾਰ ਹੈ। ਸਾਰੇ ਵੇਰਵਿਆਂ ਲਈ ਕਿਰਪਾ ਕਰਕੇ ਇੱਥੇ ਲਿੰਕ ਕੀਤੇ ਗਏ ਪੂਰੇ ਸਮਝੌਤਾ ਇਕਰਾਰਨਾਮੇ ਦਾ ਹਵਾਲਾ ਲਓ।

ਮੈਨੂੰ ਕਿਵੇਂ ਪਤਾ ਲੱਗੇਗਾ ਕੀ ਮੈਂ ਸਮਝੌਤੇ ਦਾ ਹਿੱਸਾ ਹਾਂ ਜਾਂ ਨਹੀਂ?

ਜੇਕਰ ਤੁਹਾਨੂੰ ਈਮੇਲ, ਟੈਕਸਟ, ਜਾਂ ਪੋਸਟਕਾਰਡ ਨੋਟਿਸ ਪ੍ਰਾਪਤ ਹੋਇਆ ਹੈ, ਤਾਂ Public Partnerships LLC ਦੇ ਰਿਕਾਰਡ ਦਰਸਾਉਂਦੇ ਹਨ ਕਿ ਤੁਸੀਂ ਸਮਝੌਤਾ ਕਲਾਸ ਦੇ ਮੈਂਬਰ ਹੋ। ਸਮਝੌਤਾ ਕਲਾਸ ਵਿੱਚ ਉਹ ਸਾਰੇ ਮੌਜੂਦਾ ਅਤੇ ਸਾਬਕਾ ਨਿੱਜੀ ਸਹਾਇਕ ਸ਼ਾਮਲ ਹਨ ਜਿਨ੍ਹਾਂ ਨੂੰ 1 ਮਾਰਚ 2025 ਅਤੇ 30 ਅਪ੍ਰੈਲ 2026 ਦੇ ਵਿਚਕਾਰ ਕਿਸੇ ਵੀ ਸਮੇਂ ਨਿਊਯਾਰਕ ਸਿਟੀ, ਨਸਾਓ ਕਾਉਂਟੀ, ਸਫੋਲਕ ਕਾਉਂਟੀ, ਅਤੇ/ਜਾਂ ਵੈਸਟਚੈਸਟਰ ਕਾਉਂਟੀ (ਸਮੂਹਿਕ ਤੌਰ 'ਤੇ, "ਡਾਊਨਸਟੇਟ ਨਿੱਜੀ ਸਹਾਇਕ") ਵਿੱਚ ਕੰਜ਼ਿਊਮਰ ਡਾਇਰੈਕਟਿਡ ਪਰਸਨਲ ਅਸਿਸਟੈਂਟ ਪ੍ਰੋਗਰਾਮ ਦੇ ਹਿੱਸੇ ਵਜੋਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਲਈ ਰਾਜ ਵਿਆਪੀ ਵਿੱਤੀ ਵਿਚੋਲੇ ਵਜੋਂ Public Partnerships LLC ਰਾਹੀਂ ਭੁਗਤਾਨ ਕੀਤਾ ਗਿਆ ਸੀ।

ਜੇਕਰ ਤੁਹਾਨੂੰ ਕੋਈ ਈਮੇਲ, ਟੈਕਸਟ, ਜਾਂ ਪੋਸਟਕਾਰਡ ਨੋਟਿਸ ਪ੍ਰਾਪਤ ਨਹੀਂ ਹੋਇਆ ਹੈ ਅਤੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਸਮਝੌਤਾ ਕਲਾਸ ਦੇ ਮੈਂਬਰ ਹੋ, ਤਾਂ ਸਮਝੌਤਾ ਪ੍ਰਬੰਧਕ ਨੂੰ ਈਮੇਲ ਜਾਂ ਕਾਲ ਕਰੋ (PublicPartnershipsSettlement@atticusadmin.com, 1-800-314-2601)।

ਮੇਰਾ ਭੁਗਤਾਨ ਕਿੰਨਾ ਹੋਵੇਗਾ?

ਤੁਹਾਡੀ ਭੁਗਤਾਨ ਰਕਮ ਕਈ ਕਾਰਕਾਂ 'ਤੇ ਨਿਰਭਰ ਕਰੇਗੀ:

(1) 1 ਮਾਰਚ 2025 ਅਤੇ 30 ਅਪ੍ਰੈਲ 2026 ਦੇ ਵਿਚਕਾਰ ਵਿੱਤੀ ਵਿਚੋਲੇ Public Partnerships LLC ਰਾਹੀਂ ਰਜਿਸਟਰਡ ਹੋਣ ਅਤੇ ਭੁਗਤਾਨ ਪ੍ਰਾਪਤ ਕਰਨ ਦੌਰਾਨ ਤੁਸੀਂ ਕੰਜ਼ਿਊਮਰ ਡਾਇਰੈਕਟਿਡ ਪਰਸਨਲ ਅਸਿਸਟੈਂਟ ਪ੍ਰੋਗਰਾਮ ਵਿੱਚ ਕਿੰਨੇ ਘੰਟੇ ਕੰਮ ਕੀਤਾ ਹੈ;

(2) ਕੀ ਤੁਸੀਂ ਸਾਈਨ-ਆਨ ਬੋਨਸ ਦੇ ਯੋਗ ਸੀ ਪਰ ਤੁਹਾਨੂੰ ਭੁਗਤਾਨ ਨਹੀਂ ਕੀਤਾ ਗਿਆ;

(3) ਘੱਟੋ-ਘੱਟ ਜ਼ਰੂਰੀ ਕਵਰੇਜ ਲਾਭਾਂ ਲਈ ਨਿਰਧਾਰਤ ਕੀਤੇ ਗਏ ਤੁਹਾਡੇ ਮੁਆਵਜ਼ੇ ਦੀ ਰਕਮ; ਅਤੇ

(4) ਭੁਗਤਾਨਸ਼ੁਦਾ ਛੁੱਟੀ ਲਈ ਨਿਰਧਾਰਤ ਕੀਤੇ ਗਏ ਤੁਹਾਡੇ ਮੁਆਵਜ਼ੇ ਦੀ ਰਕਮ ਅਤੇ ਤੁਹਾਡੀ ਭੁਗਤਾਨਸ਼ੁਦਾ ਛੁੱਟੀ ਦੇ ਬਕਾਏ ਵਿੱਚ ਕਿੰਨੀ ਰਕਮ ਬਾਕੀ ਹੈ।

ਕੀ ਕੋਈ ਟੈਕਸ ਦੇਣਾ ਪਵੇਗਾ ਅਤੇ ਉਨ੍ਹਾਂ ਦਾ ਭੁਗਤਾਨ ਕੌਣ ਕਰੇਗਾ?

ਹਾਂ, ਸਮਝੌਤਾ ਫੰਡ ਦੋਵੇਂ W2 ਕਮਾਈਆਂ ਹੋਣਗੀਆਂ, ਜਿਨ੍ਹਾਂ ਵਿੱਚੋਂ ਟੈਕਸ ਰੋਕੇ ਜਾਣਗੇ, ਅਤੇ 1099 ਕਮਾਈਆਂ, ਜਿਨ੍ਹਾਂ ਲਈ ਟੈਕਸ ਅਦਾ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ। ਤੁਸੀਂ ਪ੍ਰਾਪਤ ਹੋਣ ਵਾਲੇ ਸਾਰੇ ਸਮਝੌਤਾ ਭੁਗਤਾਨਾਂ 'ਤੇ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋਵੋਗੇ, ਭਾਵੇਂ ਤੁਸੀਂ 1099 ਪ੍ਰਾਪਤ ਕਰਦੇ ਹੋ ਜਾਂ ਨਹੀਂ (ਫੈਡਰਲ ਕਾਨੂੰਨ ਅਨੁਸਾਰ ਇਹ ਫਾਰਮ ਸਿਰਫ਼ ਉਨ੍ਹਾਂ ਨੂੰ ਹੀ ਭੇਜੇ ਜਾਣ ਦੀ ਲੋੜ ਹੁੰਦੀ ਹੈ ਜੋ ਗੈਰ-ਤਨਖਾਹ ਹਰਜਾਨੇ ਵਿੱਚ $2,000 ਤੋਂ ਵੱਧ ਪ੍ਰਾਪਤ ਕਰਦੇ ਹਨ)।

ਸਮਝੌਤੇ ਦੀ ਰਕਮ ਤੋਂ ਇਲਾਵਾ, Public Partnerships LLC ਟੈਕਸਾਂ ਦਾ ਰੁਜ਼ਗਾਰਦਾਤਾ ਦਾ ਹਿੱਸਾ ਅਦਾ ਕਰੇਗੀ।

ਨਾ ਤਾਂ ਬਚਾਅ ਪੱਖ ਅਤੇ ਨਾ ਹੀ ਕਲਾਸ ਵਕੀਲ ਇਸ ਸਮਝੌਤੇ ਰਾਹੀਂ ਤੁਹਾਨੂੰ ਟੈਕਸ ਸੰਬੰਧੀ ਸਲਾਹ ਦੇ ਰਹੇ ਹਨ, ਇਸ ਲਈ ਤੁਸੀਂ ਆਪਣੀਆਂ ਟੈਕਸ ਜ਼ਿੰਮੇਵਾਰੀਆਂ ਸੰਬੰਧੀ ਆਪਣੀ ਟੈਕਸ ਅਤੇ/ਜਾਂ ਲੇਖਾਕਾਰੀ ਸਲਾਹ ਲੈਣ ਲਈ ਜ਼ਿੰਮੇਵਾਰ ਹੋਵੋਗੇ।

ਸਮਝੌਤਾ ਕਲਾਸ ਵਿੱਚ ਬਣੇ ਰਹਿਣ ਲਈ ਮੈਂ ਕੀ ਛੱਡ ਰਿਹਾ/ਰਹੀ ਹਾਂ?

ਜੇਕਰ ਅਦਾਲਤ ਇਸ ਸਮਝੌਤੇ ਨੂੰ ਮਨਜ਼ੂਰੀ ਦਿੰਦੀ ਹੈ, ਤਾਂ ਸਮਝੌਤਾ ਮਨਜ਼ੂਰੀ ਆਦੇਸ਼ ਦਰਜ ਹੋਣ ਦੇ 30 ਦਿਨਾਂ ਬਾਅਦ ਲਾਗੂ ਹੋਵੇਗਾ, ਬਸ਼ਰਤੇ ਕਿ ਅਦਾਲਤ ਦੇ ਫੈਸਲੇ ਦੀ ਕੋਈ ਅਪੀਲ ਨਾ ਹੋਵੇ। ਜਦੋਂ ਸਮਝੌਤਾ ਲਾਗੂ ਹੁੰਦਾ ਹੈ, ਤਾਂ ਸਮਝੌਤਾ ਕਲਾਸ ਦੇ ਉਹ ਸਾਰੇ ਮੈਂਬਰ ਜਿਨ੍ਹਾਂ ਨੇ ਸਮੇਂ ਸਿਰ ਅਤੇ ਸਹੀ ਢੰਗ ਨਾਲ ਸਮਝੌਤਾ ਕਲਾਸ ਤੋਂ ਔਪਟ-ਆਊਟ ਨਹੀਂ ਕੀਤਾ ਹੈ, Public Partnerships LLC ਅਤੇ ਸਾਰੀਆਂ "Public Partnerships ਛੋਟ-ਪ੍ਰਾਪਤਕਰਤਾਵਾਂ" (ਜਿਵੇਂ ਕਿ ਸਮਝੌਤਾ ਇਕਰਾਰਨਾਮੇ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ) ਨੂੰ ਹੇਠ ਲਿਖੇ ਦਾਅਵਿਆਂ ਤੋਂ ਮੁਕਤ ਕਰ ਦੇਣਗੇ:

(1) ਸਮਝੌਤਾ ਕਲਾਸ ਜਾਂ ਸਮਝੌਤਾ ਸਮੂਹ ਵੱਲੋਂ ਉਠਾਏ ਗਏ ਕੋਈ ਵੀ ਅਤੇ ਸਾਰੇ ਦਾਅਵੇ ਜਾਂ ਜਿਹੜੇ ਪਹਿਲੀ ਸੋਧੀ ਗਈ ਸ਼ਿਕਾਇਤ ਵਿੱਚ ਲਗਾਏ ਗਏ ਤੱਥਾਂ ਦੇ ਆਧਾਰ 'ਤੇ ਸਮਝੌਤਾ ਕਲਾਸ ਜਾਂ ਸਮਝੌਤਾ ਸਮੂਹ ਵੱਲੋਂ ਉਠਾਏ ਜਾ ਸਕਦੇ ਸਨ, ਅਤੇ (2) ਸਮਝੌਤਾ ਲਾਗੂ ਹੋਣ ਦੀ ਮਿਤੀ ਤੱਕ ਦੇ ਕੋਈ ਵੀ ਅਤੇ ਸਾਰੇ ਤਨਖਾਹ-ਅਤੇ-ਘੰਟੇ ਦੇ ਦਾਅਵੇ (ਸਮੂਹਿਕ ਤੌਰ 'ਤੇ, "ਛੱਡੇ ਗਏ ਕਲਾਸ ਦਾਅਵੇ")। ਉਪਰੋਕਤ ਨੂੰ ਸੀਮਤ ਕੀਤੇ ਬਿਨਾਂ, ਛੱਡੇ ਗਏ ਕਲਾਸ ਦਾਅਵਿਆਂ ਵਿੱਚ ਤਨਖਾਹਾਂ, ਮੁਆਵਜ਼ੇ, ਭੁਗਤਾਨਸ਼ੁਦਾ ਛੁੱਟੀ, ਜਾਂ ਭੁਗਤਾਨਸ਼ੁਦਾ ਛੁੱਟੀ ਲਾਭਾਂ ਲਈ ਸਾਰੇ ਫੈਡਰਲ, ਰਾਜ, ਅਤੇ ਸਥਾਨਕ ਦਾਅਵੇ, ਅਤੇ

ਜੁਰਮਾਨੇ, ਵਿਆਜ, ਨਿਰਧਾਰਤ ਹਰਜਾਨੇ, ਵਕੀਲਾਂ ਦੀਆਂ ਫੀਸਾਂ, ਲਾਗਤਾਂ ਅਤੇ ਖਰਚਿਆਂ ਲਈ ਸੰਬੰਧਿਤ ਦਾਅਵੇ ਸ਼ਾਮਲ ਹਨ ਜੋ ਸਮਝੌਤਾ ਕਲਾਸ ਅਤੇ ਸਮਝੌਤਾ ਸਮੂਹ ਕੋਲ ਸਮਝੌਤਾ ਲਾਗੂ ਹੋਣ ਦੀ ਮਿਤੀ ਤੱਕ ਹੋ ਸਕਦੇ ਸਨ, ਜਿਸ ਵਿੱਚ ਫੇਅਰ ਲੇਬਰ ਸਟੈਂਡਰਡਜ਼ ਐਕਟ (FLSA), ਵੇਜ ਪੈਰਿਟੀ ਐਕਟ (WPA), ਨਿਊਯਾਰਕ ਕਿਰਤ ਕਾਨੂੰਨ (NYLL), ਨਿਊਯਾਰਕ ਕਿਰਤ ਕਾਨੂੰਨ § 195, ਅਰਨਡ ਸੇਫ ਐਂਡ ਸਿਕ ਟਾਈਮ ਐਕਟ (ESSTA), ਪੇਡ ਸਿਕ ਐਂਡ ਸੇਫ ਲੀਵ ਲਾਅ (PSSLL), ਇਕਰਾਰਨਾਮੇ ਦੀ ਉਲੰਘਣਾ, ਅਤੇ ਕਿਸੇ ਵੀ ਸੰਬੰਧਿਤ ਨਿਯਮਾਂ, ਆਰਡੀਨੈਂਸਾਂ ਜਾਂ ਤਨਖਾਹ ਆਦੇਸ਼ਾਂ, ਸੈਕਸ਼ਨ IV ਵਿੱਚ ਨਿਰਧਾਰਤ ਘੱਟੋ-ਘੱਟ ਜ਼ਰੂਰੀ ਕਵਰੇਜ ਜਾਂ ਘੱਟੋ-ਘੱਟ ਜ਼ਰੂਰੀ ਕਵਰੇਜ ਨਾਲ ਸੰਬੰਧਿਤ ਭੁਗਤਾਨਾਂ ਦੇ ਕਿਸੇ ਵੀ ਪਹਿਲੂ ਨਾਲ ਸੰਬੰਧਿਤ ਇੰਪਲਾਈ ਰਿਟਾਇਰਮੈਂਟ ਇਨਕਮ ਸਕਿਓਰਿਟੀ ਐਕਟ (ERISA) ਦੇ ਦਾਅਵੇ, ਅਤੇ ਪਹਿਲੀ ਸੋਧੀ ਗਈ ਸ਼ਿਕਾਇਤ ਵਿੱਚ ਦਾਅਵਾ ਕੀਤੇ ਗਏ ਕਿਸੇ ਵੀ ਹੋਰ ਦਾਅਵੇ ਸ਼ਾਮਲ ਹਨ, ਪਰ ਇਹ ਇਹਨਾਂ ਤੱਕ ਸੀਮਿਤ ਨਹੀਂ ਹਨ। ਇਸ ਛੋਟ ਵਿੱਚ 23 ਜੂਨ 2026 ਤੋਂ ਬਾਅਦ ਹੋਣ ਵਾਲੇ ਵਿਹਾਰ 'ਤੇ ਆਧਾਰਿਤ ਦਾਅਵੇ ਸ਼ਾਮਲ ਨਹੀਂ ਹਨ।

ਇਸਦਾ ਮਤਲਬ ਹੈ ਕਿ ਕਲਾਸ ਦੇ ਮੈਂਬਰ ਇਸ ਕਾਰਵਾਈ ਵਿੱਚ ਪੇਸ਼ ਕੀਤੇ ਗਏ ਸਾਰੇ ਦਾਅਵਿਆਂ ਨੂੰ ਛੱਡ ਦੇਣਗੇ, ਅਤੇ ਭਵਿੱਖ ਵਿੱਚ ਉਨ੍ਹਾਂ ਹੀ ਦਾਅਵਿਆਂ ਅਤੇ 1 ਮਾਰਚ 2025 ਅਤੇ 23 ਜੂਨ 2026 ਦੇ ਵਿਚਕਾਰ ਦੇ ਸਾਰੇ ਤਨਖਾਹ ਅਤੇ ਘੰਟੇ ਦੇ ਦਾਅਵਿਆਂ ਲਈ Public Partnerships LLC 'ਤੇ ਮੁਕੱਦਮਾ ਕਰਨ ਦਾ ਅਧਿਕਾਰ ਛੱਡ ਦੇਣਗੇ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ।

ਮਹੱਤਵਪੂਰਨ ਤੌਰ 'ਤੇ, ਉਪਰੋਕਤ ਛੋਟ ਵਿੱਚ ਫੇਅਰ ਲੇਬਰ ਸਟੈਂਡਰਡਜ਼ ਐਕਟ ਅਧੀਨ ਪੈਦਾ ਹੋਣ ਵਾਲੇ ਦਾਅਵੇ ਸ਼ਾਮਲ ਹਨ, ਜੋ ਕਿ ਫੈਡਰਲ ਤਨਖਾਹ ਅਤੇ ਘੰਟੇ ਦਾ ਕਾਨੂੰਨ ਹੈ। ਮੁਦਈਆਂ ਦਾ ਮੰਨਣਾ ਹੈ ਕਿ ਇਹ ਨਿਰਪੱਖ ਹੈ ਕਿਉਂਕਿ ਫੇਅਰ ਲੇਬਰ ਸਟੈਂਡਰਡਜ਼ ਐਕਟ ਦੇ ਅਧੀਨ ਸਾਰੇ ਦਾਅਵੇ ਲਾਗੂ ਨਿਊਯਾਰਕ ਤਨਖਾਹ ਕਾਨੂੰਨਾਂ ਅਧੀਨ ਕੀਤੇ ਗਏ ਰਾਜ ਕਾਨੂੰਨ ਦੇ ਦਾਅਵਿਆਂ ਨਾਲ ਮੇਲ ਖਾਂਦੇ ਹਨ। **ਜੇਕਰ ਤੁਸੀਂ ਸਮਝੌਤੇ ਤੋਂ ਔਪਟ-ਆਊਟ ਨਹੀਂ ਕਰਦੇ ਹੋ, ਅਤੇ ਅਦਾਲਤ ਸਮਝੌਤੇ ਨੂੰ ਮਨਜ਼ੂਰੀ ਦਿੰਦੀ ਹੈ, ਤਾਂ ਤੁਸੀਂ 23 ਜੂਨ 2026 ਤੱਕ ਫੇਅਰ ਲੇਬਰ ਸਟੈਂਡਰਡਜ਼ ਐਕਟ ਦੀਆਂ ਕਿਸੇ ਵੀ ਉਲੰਘਣਾਵਾਂ ਲਈ ਦਾਅਵਾ ਕਰਨ ਦਾ ਅਧਿਕਾਰ ਛੱਡ ਦੇਵੋਗੇ, ਜਿਸ ਵਿੱਚ ਫੇਅਰ ਲੇਬਰ ਸਟੈਂਡਰਡਜ਼ ਐਕਟ ਅਧੀਨ ਬਕਾਇਆ ਕੋਈ ਵੀ ਕਥਿਤ ਅਣ-ਅਦਾਇਗੀਸ਼ੁਦਾ ਤਨਖਾਹਾਂ ਅਤੇ ਕੋਈ ਵੀ ਉਪਲਬਧ ਨਿਰਧਾਰਤ ਹਰਜਾਨਾ ਸ਼ਾਮਲ ਹੈ।**

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਛੋਟ ਭਵਿੱਖ ਵਿੱਚ ਤੁਹਾਡੇ ਅਧਿਕਾਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਅਤੇ ਇਸ ਵਿੱਚ ਜ਼ਿੰਮੇਵਾਰੀਆਂ ਸ਼ਾਮਲ ਹੋ ਸਕਦੀਆਂ ਹਨ। ਇਸ ਛੋਟ ਦੀਆਂ ਪੂਰੀਆਂ ਸ਼ਰਤਾਂ ਦੇਖਣ ਲਈ ਜੋ ਸਮਝੌਤਾ ਇਕਰਾਰਨਾਮੇ, ਅਤੇ ਨਾਲ ਹੀ ਮੁਦਈਆਂ ਦੀ ਪਹਿਲੀ ਸੋਧੀ ਹੋਈ ਸ਼ਿਕਾਇਤ ਅਤੇ ਹੋਰ ਸੰਬੰਧਿਤ ਦਸਤਾਵੇਜ਼ਾਂ ਵਿੱਚ ਸ਼ਾਮਲ ਹਨ, ਕਿਰਪਾ ਕਰਕੇ ਇੱਥੇ ਕਲਿੱਕ ਕਰੋ।

ਕੀ ਕਰਨਾ ਹੈ, ਇਹ ਤੈਅ ਕਰਨਾ

ਮੈਂ ਆਪਣੇ ਵਿਕਲਪਾਂ ਨੂੰ ਕਿਵੇਂ ਵਿਚਾਰਾਂ?

ਤੁਹਾਡੇ ਕੋਲ ਤਿੰਨ ਵਿਕਲਪ ਹਨ। ਤੁਸੀਂ ਕੁਝ ਨਹੀਂ ਕਰ ਸਕਦੇ ਅਤੇ ਸਮਝੌਤੇ ਦੇ ਪੈਸੇ ਪ੍ਰਾਪਤ ਕਰ ਸਕਦੇ ਹੋ, ਤੁਸੀਂ ਸਮਝੌਤੇ ਤੋਂ ਔਪਟ-ਆਊਟ ਕਰ ਸਕਦੇ ਹੋ, ਜਾਂ ਤੁਸੀਂ ਸਮਝੌਤੇ 'ਤੇ ਇਤਰਾਜ਼ ਕਰ ਸਕਦੇ ਹੋ। ਇਹ ਚਾਰਟ ਹਰੇਕ ਵਿਕਲਪ ਦੇ ਪ੍ਰਭਾਵਾਂ ਨੂੰ ਦਰਸਾਉਂਦਾ ਹੈ:

	ਕੁਝ ਨਾ ਕਰਨਾ	**ਔਪਟ-ਆਊਟ**	**ਇਤਰਾਜ਼ ਕਰਨਾ**
ਕੀ ਮੈਨੂੰ ਸਮਝੌਤੇ ਦੇ ਪੈਸੇ ਮਿਲ ਸਕਦੇ ਹਨ ਜੇ ਮੈਂ . . .	ਹਾਂ	ਨਹੀਂ	ਹਾਂ
ਕੀ ਮੈਂ ਇਸ ਮੁਕੱਦਮੇ ਦੀਆਂ ਸ਼ਰਤਾਂ ਨਾਲ ਪਾਬੰਦ ਹਾਂ ਜੇ ਮੈਂ . . .	ਹਾਂ	ਨਹੀਂ	ਹਾਂ
ਕੀ ਮੈਂ ਆਪਣਾ ਕੇਸ ਚਲਾ ਸਕਦਾ/ਸਕਦੀ ਹਾਂ ਜੇ ਮੈਂ . . .	ਨਹੀਂ	ਹਾਂ	ਨਹੀਂ
ਕੀ ਕਲਾਸ ਵਕੀਲ ਮੇਰੀ ਨੁਮਾਇੰਦਗੀ ਕਰਨਗੇ ਜੇ ਮੈਂ . . .	ਹਾਂ	ਨਹੀਂ	ਨਹੀਂ (ਇਤਰਾਜ਼ ਦੇ ਸੰਬੰਧ ਵਿੱਚ)

ਭੁਗਤਾਨ ਪ੍ਰਾਪਤ ਕਰਨਾ

ਮੈਨੂੰ ਮੇਰਾ ਭੁਗਤਾਨ ਕਿਵੇਂ ਮਿਲੇਗਾ?

ਜੇਕਰ Public Partnerships LLC ਨੇ ਤੁਹਾਡੀ ਤਨਖਾਹ ਸਿੱਧੇ ਡਿਪਾਜ਼ਿਟ ਰਾਹੀਂ ਭੇਜੀ ਸੀ ਜਦੋਂ ਤੁਸੀਂ Public Partnerships LLC ਨਾਲ ਸੇਵਾਵਾਂ ਪ੍ਰਦਾਨ ਕੀਤੀਆਂ ਸਨ, ਤਾਂ ਤੁਹਾਡਾ ਸਮਝੌਤਾ ਭੁਗਤਾਨ Public Partnerships LLC ਦੀ ਫਾਈਲ ਵਿੱਚ ਮੌਜੂਦ ਤੁਹਾਡੇ ਆਖਰੀ ਬੈਂਕ ਖਾਤੇ ਵਿੱਚ ਸਿੱਧੇ ਡਿਪਾਜ਼ਿਟ ਰਾਹੀਂ ਕੀਤਾ ਜਾਵੇਗਾ। ਜੇਕਰ ਤੁਹਾਨੂੰ Public Partnerships LLC ਤੋਂ ਤੁਹਾਡੀ ਤਨਖਾਹ ਚੈੱਕ ਰਾਹੀਂ ਮਿਲੀ ਸੀ, ਤਾਂ ਤੁਹਾਡਾ ਸਮਝੌਤਾ ਭੁਗਤਾਨ ਚੈੱਕ ਰਾਹੀਂ ਕੀਤਾ ਜਾਵੇਗਾ।

ਜੇਕਰ ਤੁਸੀਂ ਆਪਣੇ ਪਤੇ ਜਾਂ ਭੁਗਤਾਨ ਦੀ ਜਾਣਕਾਰੀ ਦੀ ਪੁਸ਼ਟੀ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਮਝੌਤਾ ਪ੍ਰਬੰਧਕ, Atticus Administration, ਨਾਲ 1-800-314-2601 'ਤੇ ਸੰਪਰਕ ਕਰੋ।

ਜੇਕਰ ਤੁਸੀਂ ਆਪਣਾ ਭੁਗਤਾਨ ਚੈੱਕ ਰਾਹੀਂ ਪ੍ਰਾਪਤ ਕਰਨਾ ਚਾਹੁੰਦੇ ਹੋ ਅਤੇ Public Partnerships LLC ਲਈ ਕੰਮ ਕਰਨ ਤੋਂ ਬਾਅਦ ਤੁਸੀਂ ਕਿਤੇ ਹੋਰ ਚਲੇ ਗਏ ਹੋ, ਤਾਂ ਤੁਸੀਂ ਇੱਥੇ ਕਲਿੱਕ ਕਰਕੇ ਆਪਣਾ ਚੈੱਕ ਪ੍ਰਾਪਤ ਕਰਨ ਲਈ ਆਪਣਾ ਡਾਕ ਪਤਾ ਵੀ ਅੱਪਡੇਟ ਕਰ ਸਕਦੇ ਹੋ।

ਕੀ ਇਸ ਮੁਕੱਦਮੇ ਵਿੱਚ ਮੇਰਾ ਕੋਈ ਵਕੀਲ ਹੈ?

ਇੱਕ ਕਲਾਸ ਐਕਸ਼ਨ ਵਿੱਚ, ਅਦਾਲਤ ਕੇਸ 'ਤੇ ਕੰਮ ਕਰਨ ਅਤੇ ਕਲਾਸ ਦੇ ਸਾਰੇ ਮੈਂਬਰਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਲਈ ਕਲਾਸ ਪ੍ਰਤੀਨਿਧ ਅਤੇ ਵਕੀਲ ਨਿਯੁਕਤ ਕਰਦੀ ਹੈ। ਇਸ ਸਮਝੌਤੇ ਲਈ, ਅਦਾਲਤ ਨੇ ਹੇਠ ਲਿਖੇ ਵਿਅਕਤੀਆਂ ਅਤੇ ਵਕੀਲਾਂ ਨੂੰ ਨਿਯੁਕਤ ਕੀਤਾ ਹੈ।

ਤੁਹਾਡੇ ਵਕੀਲ: Katz Banks Kumin LLP (ਹਿਊਗ ਬਾਰਨ, ਐਮਾ ਵਾਲਟਰਸ, ਅਤੇ ਆਵੀ ਕੁਮਿਨ) ਅਤੇ The Legal Aid Society (ਰਿਚਰਡ ਬਲਮ, ਰੇਬੇਕਾ ਕੁੱਕ-ਮੈਕ, ਮਾਈਕਲ ਡਿਲਰ, ਬੀ. ਫ੍ਰੈਂਕੋ ਓਲਸ਼ਾਂਸਕੀ, ਐਲਿਜ਼ਾਬੈਥ ਸੇਲਰ, ਬੇਲਕੀਸ ਗਾਰਸੀਆ, ਅਤੇ ਰੇਬੇਕਾ ਐਂਟਰ) ਨੂੰ ਕਲਾਸ ਵਕੀਲ ਵਜੋਂ ਨਿਯੁਕਤ ਕੀਤਾ ਗਿਆ ਹੈ।

ਇਹ ਉਹ ਵਕੀਲ ਹਨ ਜਿਨ੍ਹਾਂ ਨੇ ਤੁਹਾਡੀ ਤਰਫੋਂ ਇਸ ਸਮਝੌਤੇ 'ਤੇ ਗੱਲਬਾਤ ਕੀਤੀ ਹੈ।

ਜੇਕਰ ਤੁਸੀਂ ਆਪਣੇ ਖੁਦ ਦੇ ਵਕੀਲ ਦੁਆਰਾ ਨੁਮਾਇੰਦਗੀ ਕਰਵਾਉਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਖਰਚੇ 'ਤੇ ਇੱਕ ਵਕੀਲ ਰੱਖ ਸਕਦੇ ਹੋ।

ਕੀ ਮੈਨੂੰ ਇਸ ਮੁਕੱਦਮੇ ਵਿੱਚ ਵਕੀਲਾਂ ਨੂੰ ਭੁਗਤਾਨ ਕਰਨਾ ਪਵੇਗਾ?

ਵਕੀਲਾਂ ਦੀਆਂ ਫੀਸਾਂ ਅਤੇ ਖਰਚਿਆਂ ਦਾ ਭੁਗਤਾਨ ਸਮਝੌਤਾ ਫੰਡ ਵਿੱਚੋਂ ਕੀਤਾ ਜਾਵੇਗਾ। **ਤੁਹਾਨੂੰ ਵਕੀਲਾਂ ਨੂੰ ਸਿੱਧਾ ਭੁਗਤਾਨ ਨਹੀਂ ਕਰਨਾ ਪਵੇਗਾ।**

ਅੱਜ ਤੱਕ, ਤੁਹਾਡੇ ਵਕੀਲਾਂ ਨੂੰ ਉਨ੍ਹਾਂ ਦੇ ਕੰਮ ਜਾਂ ਕੇਸ ਲਈ ਉਨ੍ਹਾਂ ਦੁਆਰਾ ਕੀਤੇ ਗਏ ਖਰਚਿਆਂ ਲਈ ਕੋਈ ਪੈਸਾ ਨਹੀਂ ਦਿੱਤਾ ਗਿਆ ਹੈ। ਬਿਨਾਂ ਕਿਸੇ ਭੁਗਤਾਨ ਦੀ ਗਾਰੰਟੀ ਦੇ ਇਸ ਕੇਸ ਨੂੰ ਲੜਨ ਵਿੱਚ ਉਨ੍ਹਾਂ ਦੇ ਸਮੇਂ ਅਤੇ ਜੋਖਮ ਦਾ ਭੁਗਤਾਨ ਕਰਨ ਲਈ, ਜਦੋਂ ਤੱਕ ਉਹ ਸਫਲ ਨਹੀਂ ਹੁੰਦੇ, ਤੁਹਾਡੇ ਵਕੀਲ ਬੇਨਤੀ ਕਰਨਗੇ, ਇਸ ਸਮਝੌਤੇ ਦੀ ਅੰਤਿਮ ਮਨਜ਼ੂਰੀ ਦੇ ਹਿੱਸੇ ਵਜੋਂ, ਕਿ ਅਦਾਲਤ ਵਕੀਲਾਂ ਦੀਆਂ ਫੀਸਾਂ ਵਜੋਂ ਸਮਝੌਤਾ ਫੰਡ ਦੇ 15% ਤੱਕ ਦੇ ਭੁਗਤਾਨ, ਪਲੱਸ ਜੇਬ ਵਿੱਚੋਂ ਕੀਤੇ ਗਏ ਖਰਚਿਆਂ ਦੀ ਭਰਪਾਈ, ਅਤੇ ਨਾਲ ਹੀ ਸਮਝੌਤਾ ਪ੍ਰਬੰਧਨ ਦੀਆਂ ਲਾਗਤਾਂ ਨੂੰ ਮਨਜ਼ੂਰੀ ਦੇਵੇ।

ਵਕੀਲਾਂ ਦੀਆਂ ਫੀਸਾਂ ਅਤੇ ਖਰਚੇ ਕੇਵਲ ਤਾਂ ਹੀ ਦਿੱਤੇ ਜਾਣਗੇ ਜੇਕਰ ਅਦਾਲਤ ਦੁਆਰਾ ਇਸਨੂੰ ਨਿਰਪੱਖ ਅਤੇ ਵਾਜਬ ਰਕਮ ਵਜੋਂ ਮਨਜ਼ੂਰ ਕੀਤਾ ਜਾਂਦਾ ਹੈ। ਤੁਹਾਨੂੰ ਵਕੀਲਾਂ ਦੀਆਂ ਫੀਸਾਂ 'ਤੇ ਇਤਰਾਜ਼ ਕਰਨ ਦਾ ਅਧਿਕਾਰ ਹੈ ਭਾਵੇਂ ਤੁਸੀਂ ਸੋਚਦੇ ਹੋ ਕਿ ਸਮਝੌਤੇ ਦੀਆਂ ਸ਼ਰਤਾਂ ਨਿਰਪੱਖ ਹਨ।

ਤੁਹਾਡੇ ਵਕੀਲ ਅਦਾਲਤ ਨੂੰ ਹਰੇਕ ਕਲਾਸ ਪ੍ਰਤੀਨਿਧ (ਫਿਲਿਪ ਕਾਲਡੇਰੋਨ, ਐਲੀਸਨ ਫੀਲਡਸ, ਫਰਸ਼ਾਦ ਪਿੰਚਾਸੀ, ਅਤੇ ਡਾਨਾ ਫੋਲਗਰ) ਨੂੰ ਕੇਸ ਵਿੱਚ ਉਨ੍ਹਾਂ ਦੁਆਰਾ ਦਿੱਤੇ ਗਏ ਸਮੇਂ ਅਤੇ ਕੋਸ਼ਿਸ਼ਾਂ ਲਈ $15,000 ਦੇ ਸੇਵਾ ਭੁਗਤਾਨਾਂ ਨੂੰ ਮਨਜ਼ੂਰੀ ਦੇਣ ਲਈ ਵੀ ਕਹਿਣਗੇ। ਜੇਕਰ ਅਦਾਲਤ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਸੇਵਾ ਪੁਰਸਕਾਰਾਂ ਦਾ ਭੁਗਤਾਨ ਸਮਝੌਤਾ ਫੰਡ ਵਿੱਚੋਂ ਕੀਤਾ ਜਾਵੇਗਾ।

ਔਪਟ-ਆਊਟ ਕਰਨਾ

ਜੇਕਰ ਮੈਂ ਇਸ ਸਮਝੌਤੇ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ/ਚਾਹੁੰਦੀ, ਤਾਂ ਕੀ ਹੋਵੇਗਾ?

ਤੁਸੀਂ ਔਪਟ-ਆਊਟ ਕਰ ਸਕਦੇ ਹੋ। ਜੇਕਰ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਹਾਨੂੰ ਭੁਗਤਾਨ ਪ੍ਰਾਪਤ ਨਹੀਂ ਹੋਵੇਗਾ ਅਤੇ ਤੁਸੀਂ ਸਮਝੌਤੇ 'ਤੇ ਇਤਰਾਜ਼ ਨਹੀਂ ਕਰ ਸਕਦੇ। ਹਾਲਾਂਕਿ, ਤੁਸੀਂ ਇਸ ਮੁਕੱਦਮੇ ਵਿੱਚ ਹੋਣ ਵਾਲੀ ਕਿਸੇ ਵੀ ਕਾਰਵਾਈ ਨਾਲ ਪਾਬੰਦ ਜਾਂ ਪ੍ਰਭਾਵਿਤ ਨਹੀਂ ਹੋਵੋਗੇ ਅਤੇ ਆਪਣਾ ਖੁਦ ਦਾ ਕੇਸ ਦਾਇਰ ਕਰਨ ਦੇ ਯੋਗ ਹੋ ਸਕਦੇ ਹੋ। ਤੁਸੀਂ ਪ੍ਰਸਤਾਵਿਤ ਸਮਝੌਤੇ ਦੁਆਰਾ ਮੰਗੇ ਗਏ ਪ੍ਰੋਗਰਾਮ ਬਦਲਾਵਾਂ ਤੋਂ ਆਪਣੇ ਆਪ ਨੂੰ ਬਾਹਰ ਨਹੀਂ ਰੱਖ ਸਕਦੇ ਹੋ।

ਮੈਂ ਔਪਟ-ਆਊਟ ਕਿਵੇਂ ਕਰਾਂ?

ਸਮਝੌਤੇ ਤੋਂ ਔਪਟ-ਆਊਟ ਕਰਨ ਲਈ, ਤੁਹਾਨੂੰ ਔਪਟ-ਆਊਟ ਫਾਰਮ ਇੱਥੇ ਭਰਨਾ ਲਾਜ਼ਮੀ ਹੈ ਅਤੇ ਇਸਨੂੰ ਡਾਕ ਰਾਹੀਂ ਭੇਜਣਾ ਹੋਵੇਗਾ ਤਾਂ ਜੋ ਇਸ 'ਤੇ 19 ਸਤੰਬਰ 2026 ਤੱਕ ਦੀ ਪੋਸਟਮਾਰਕ ਲੱਗੀ ਹੋਵੇ ਅਤੇ ਇਹ ਸਮਝੌਤਾ ਪ੍ਰਬੰਧਕ ਨੂੰ ਇੱਥੇ ਪਹੁੰਚੇ:

Public Partnerships Settlement
c/o Atticus Administration
PO Box 64053
St. Paul, MN 55164
1-800-314-2601

ਤੁਸੀਂ ਸਮਝੌਤਾ ਵੈੱਬਸਾਈਟ, www.PublicPartnershipsSettlement.com 'ਤੇ ਲੌਗ ਇਨ ਕਰਕੇ, ਜਾਂ ਪ੍ਰਬੰਧਕ ਨੂੰ ਈਮੇਲ ਕਰਕੇ ਵੀ ਫਾਰਮ ਅੱਪਲੋਡ ਕਰ ਸਕਦੇ ਹੋ। ਜੇਕਰ ਤੁਸੀਂ ਇਸ ਤਰੀਕੇ ਨਾਲ ਔਪਟ-ਆਊਟ ਫਾਰਮ ਭੇਜਦੇ ਹੋ, ਤਾਂ ਤੁਹਾਨੂੰ ਇਸਨੂੰ ਅਜਿਹੇ ਢੰਗ ਨਾਲ ਭੇਜਣਾ ਚਾਹੀਦਾ ਹੈ ਤਾਂ ਜੋ ਇਹ 19 ਸਤੰਬਰ 2026 ਤੱਕ ਪ੍ਰਾਪਤ ਹੋ ਜਾਵੇ। ਆਪਣਾ ਨਾਮ, ਪਤਾ, ਜਨਮ ਮਿਤੀ, ਟੈਲੀਫੋਨ ਨੰਬਰ, ਅਤੇ ਦਸਤਖਤ ਸ਼ਾਮਲ ਕਰਨਾ ਯਕੀਨੀ ਬਣਾਓ।

ਇਤਰਾਜ਼ ਕਰਨਾ

ਜੇਕਰ ਮੈਂ ਸਮਝੌਤੇ ਨਾਲ ਅਸਹਿਮਤ ਹੁੰਦਾ/ਹੁੰਦੀ, ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਸਮਝੌਤੇ ਦੇ ਕਿਸੇ ਵੀ ਹਿੱਸੇ (ਵਕੀਲਾਂ ਦੀਆਂ ਫੀਸਾਂ ਸਮੇਤ) ਨਾਲ ਅਸਹਿਮਤ ਹੋ ਪਰ ਔਪਟ-ਆਊਟ ਨਹੀਂ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਇਤਰਾਜ਼ ਕਰ ਸਕਦੇ ਹੋ। ਤੁਹਾਨੂੰ ਇਸ ਗੱਲ ਦੇ ਕਾਰਨ ਦੇਣੇ ਚਾਹੀਦੇ ਹਨ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਅਦਾਲਤ ਨੂੰ ਸਮਝੌਤੇ ਨੂੰ ਮਨਜ਼ੂਰੀ ਨਹੀਂ ਦੇਣੀ ਚਾਹੀਦੀ ਅਤੇ ਇਹ ਦੱਸਣਾ ਚਾਹੀਦਾ ਹੈ ਕਿ ਕੀ ਤੁਹਾਡਾ ਇਤਰਾਜ਼ ਸਿਰਫ਼ ਤੁਹਾਡੇ 'ਤੇ, ਕਲਾਸ ਦੇ ਇੱਕ ਹਿੱਸੇ 'ਤੇ, ਜਾਂ ਪੂਰੀ ਕਲਾਸ 'ਤੇ ਲਾਗੂ ਹੁੰਦਾ ਹੈ। ਅਦਾਲਤ ਤੁਹਾਡੇ ਵਿਚਾਰਾਂ 'ਤੇ ਗੌਰ ਕਰੇਗੀ। ਅਦਾਲਤ ਸਿਰਫ਼ ਸਮਝੌਤੇ ਨੂੰ ਮਨਜ਼ੂਰੀ ਦੇ ਸਕਦੀ ਹੈ ਜਾਂ ਰੱਦ ਕਰ ਸਕਦੀ ਹੈ — ਇਹ ਸਮਝੌਤੇ ਦੀਆਂ ਸ਼ਰਤਾਂ ਨੂੰ ਨਹੀਂ ਬਦਲ ਸਕਦੀ। ਆਪਣੀ ਮਦਦ ਲਈ ਤੁਸੀਂ ਆਪਣੇ ਖਰਚੇ 'ਤੇ ਆਪਣਾ ਵਕੀਲ ਰੱਖ ਸਕਦੇ ਹੋ, ਪਰ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ।

ਇਤਰਾਜ਼ ਕਰਨ ਲਈ, ਤੁਹਾਨੂੰ ਪ੍ਰਬੰਧਕ ਨੂੰ ਇੱਕ ਪੱਤਰ ਭੇਜਣਾ ਲਾਜ਼ਮੀ ਹੈ ਜਿਸ ਵਿੱਚ:

(1) 19 ਸਤੰਬਰ 2026 ਤੱਕ ਦੀ ਪੋਸਟਮਾਰਕ ਲੱਗੀ ਹੋਵੇ;
(2) ਕੇਸ ਦਾ ਨਾਮ ਅਤੇ ਨੰਬਰ ਸ਼ਾਮਲ ਹੋਵੇ (*Calderon et al v. Public Partnerships LLC*, Case No. 25-cv-2320 (FB)(LKE))
(3) ਤੁਹਾਡਾ ਪੂਰਾ ਨਾਮ, ਪਤਾ ਅਤੇ ਟੈਲੀਫੋਨ ਨੰਬਰ, ਅਤੇ ਈਮੇਲ ਪਤਾ ਸ਼ਾਮਲ ਹੋਵੇ;
(4) ਤੁਹਾਡੇ ਇਤਰਾਜ਼ ਦੇ ਕਾਰਨ ਦੱਸੇ ਗਏ ਹੋਣ;
(5) ਇਹ ਦੱਸਦਾ ਹੋਵੇ ਕੀ ਤੁਸੀਂ ਜਾਂ ਤੁਹਾਡਾ ਵਕੀਲ ਅੰਤਿਮ ਮਨਜ਼ੂਰੀ ਸੁਣਵਾਈ ਵਿੱਚ ਹਾਜ਼ਰ ਹੋਣ ਦਾ ਇਰਾਦਾ ਰੱਖਦੇ ਹੋ ਅਤੇ ਤੁਹਾਡੇ ਵਕੀਲ ਦਾ ਨਾਮ ਸ਼ਾਮਲ ਹੋਵੇ;
(6) ਤੁਹਾਡੇ ਦਸਤਖਤ ਸ਼ਾਮਲ ਹੋਣ।

ਪੱਤਰ ਨੂੰ ਇੱਥੇ ਡਾਕ ਰਾਹੀਂ ਭੇਜੋ:

Public Partnerships Settlement
c/o Atticus Administration
PO Box 64053
St. Paul, MN 55164

ਕੁਝ ਨਾ ਕਰਨਾ

ਕੁਝ ਨਾ ਕਰਨ ਦੇ ਕੀ ਨਤੀਜੇ ਹੋਣਗੇ?

ਜੇਕਰ ਤੁਸੀਂ ਕੁਝ ਨਹੀਂ ਕਰਦੇ ਹੋ, ਤਾਂ ਤੁਹਾਨੂੰ ਇੱਕ ਭੁਗਤਾਨ ਅਤੇ ਹੋਰ ਰਾਹਤ ਮਿਲੇਗੀ ਅਤੇ ਤੁਸੀਂ ਸਮਝੌਤੇ ਅਤੇ ਇਸਦੇ "ਛੋਟ" ਪ੍ਰਬੰਧਾਂ ਨਾਲ ਪਾਬੰਦ ਹੋਵੋਗੇ। ਇਸਦਾ ਮਤਲਬ ਹੈ ਕਿ ਤੁਸੀਂ ਇਸ ਕੇਸ ਦੇ ਮੁੱਦਿਆਂ ਬਾਰੇ Public Partnerships LLC (ਜਾਂ ਕਿਸੇ ਵੀ ਸੰਬੰਧਿਤ ਸੰਸਥਾਵਾਂ ਜਾਂ ਵਿਅਕਤੀਆਂ) ਦੇ ਖਿਲਾਫ ਕੋਈ ਹੋਰ ਮੁਕੱਦਮਾ ਸ਼ੁਰੂ ਕਰਨ, **ਜਾਰੀ ਰੱਖਣ ਜਾਂ ਉਸਦਾ ਹਿੱਸਾ ਬਣਨ ਦੇ ਯੋਗ ਨਹੀਂ ਹੋਵੋਗੇ, ਜਿਸ ਵਿੱਚ 23 ਜੂਨ 2026 ਤੱਕ ਫੇਅਰ ਲੇਬਰ ਸਟੈਂਡਰਡਜ਼ ਐਕਟ ਅਧੀਨ Public Partnerships LLC ਦੇ ਖਿਲਾਫ ਕੋਈ ਵੀ ਦਾਅਵੇ ਸ਼ਾਮਲ ਹਨ।** ਦਾਅਵਿਆਂ ਅਤੇ ਵਿਅਕਤੀਆਂ ਦਾ ਪੂਰਾ ਵੇਰਵਾ ਜਿਨ੍ਹਾਂ ਨੂੰ ਮੁਕਤ ਕੀਤਾ ਜਾਵੇਗਾ ਜੇਕਰ ਇਹ ਸਮਝੌਤਾ ਮਨਜ਼ੂਰ ਹੋ ਜਾਂਦਾ ਹੈ, ਇੱਥੇ ਦੇਖਿਆ ਜਾ ਸਕਦਾ ਹੈ।

ਪ੍ਰਮੁੱਖ ਸਰੋਤ

ਮੈਂ ਹੋਰ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?

ਇਹ ਨੋਟਿਸ ਪ੍ਰਸਤਾਵਿਤ ਸਮਝੌਤੇ ਦਾ ਇੱਕ ਸਾਰ ਹੈ। ਇਸ ਦੀਆਂ ਸਾਰੀਆਂ ਸ਼ਰਤਾਂ ਸਮੇਤ ਪੂਰਾ ਸਮਝੌਤਾ ਇੱਥੇ ਦੇਖਿਆ ਜਾ ਸਕਦਾ ਹੈ। ਸਮਝੌਤਾ ਇਕਰਾਰਨਾਮੇ ਦੀ ਇੱਕ ਕਾਪੀ ਪ੍ਰਾਪਤ ਕਰਨ ਲਈ ਜਾਂ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕਰਨ ਲਈ:

- ਪ੍ਰਬੰਧਕ ਨੂੰ ਕਾਲ ਕਰੋ (1-800-314-2601)
- ਕੇਸ ਦੀ ਵੈੱਬਸਾਈਟ www.PublicPartnershipsSettlement.com 'ਤੇ ਜਾਓ

- ਕੋਰਟ ਇਲੈਕਟ੍ਰਾਨਿਕ ਰਿਕਾਰਡਸ ਸਿਸਟਮ (PACER) ਤੱਕ ਔਨਲਾਈਨ ਪਹੁੰਚ ਕਰੋ ਜਾਂ ਅਦਾਲਤ ਦੇ ਕਲਰਕ ਦੇ ਦਫਤਰ ਜਾ ਕੇ ਪਹੁੰਚ ਪ੍ਰਾਪਤ ਕਰੋ (ਪਤਾ ਹੇਠਾਂ ਦਿੱਤਾ ਗਿਆ ਹੈ)।

ਸਰੋਤ	ਸੰਪਰਕ ਜਾਣਕਾਰੀ
ਕੇਸ ਵੈੱਬਸਾਈਟ	www.PublicPartnershipsSettlement.com
ਸਮਝੌਤਾ ਪ੍ਰਬੰਧਕ	Public Partnerships Settlement c/o Atticus Administration PO Box 64053 St. Paul, MN 55164 1-800-314-2601 PublicPartnershipsSettlement@atticusadmin.com
ਤੁਹਾਡੇ ਵਕੀਲ	**KATZ BANKS KUMIN LLP** ਹਿਊਗ ਬਾਰਨ ਐਮਾ ਵਾਲਟਰਸ ਆਵੀ ਕੁਮਿਨ 111 Broadway, Suite 1403 New York, NY 10006 (646) 759-4501 PPLSettlementInquiries@katzbanks.com **THE LEGAL AID SOCIETY** ਰਿਚਰਡ ਬਲਮ ਰੇਬੇਕਾ ਕੁੱਕ-ਮੈਕ ਮਾਈਕਲ ਡਿਲਰ ਬੀ. ਫ੍ਰੈਂਕੋ ਓਲਸ਼ਾਂਸਕੀ ਐਲਿਜ਼ਾਬੈਥ ਸੇਲਰ ਬੇਲਕੀਸ ਗਾਰਸੀਆ ਰੇਬੇਕਾ ਐਂਟਰ 49 Thomas Street, Fifth Floor New York, NY 10013 (212) 440-4300 civ_hq_employment@legal-aid.org
ਅਦਾਲਤ (ਸੰਪਰਕ ਨਾ ਕਰੋ)	ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ 225 Cadman Plaza East Brooklyn, NY 11201